3-JULY-PAGE-1.qxd 7/2/2023 8:42 PM Page 1

ਸੋਮਵਾਰ, 3 ਜੁਲਾਈ, 2023
19 ਹਾੜ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 32

ਨਵਾਂ ਜ਼ਮਾਨਾ

DAILY NAWAN ZAMANA • MONDAY, 3 JULY, 2023

ਜਲੰਧਰ

ਕੀਮਤ/PRICE : 5.00 ਰੁਪਏ | Regd. No : Pb/JL-123/2021-23, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 12

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

ਪੁੱਛ-ਗਿੱਛ (ਰਿਸੈਪਸ਼ਨ)	0181-5097300
ਇਸ਼ਤਿਹਾਰ ਵਿਭਾਗ	0181-5097302
ਸਾਹਿਤ ਸੰਪਾਦਕ (ਐਤਵਾਰਤਾ)	0181-5097305
ਕੰਪਿਊਟਰ ਰੂਮ	0181-5097310
ਵੈੱਬ ਟੀ ਵੀ	0181-5133160

You Tube nawan zamana TV

ਅਜੀਤ ਪਵਾਰ ਭਾਜਪਾ ਦੀ ਲਾਂਡਰੀ 'ਚ

ਪ੍ਰਫੁੱਲ ਪਟੇਲ ਤੇ ਛਗਨ ਭੁਜਬਲ ਨਾਲ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦੇ ਅਜੀਤ ਪਵਾਰ।

ਸਹੁੰ ਚੁੱਕ ਸਮਾਗਮ ਦੌਰਾਨ ਅਜੀਤ ਪਵਾਰ ਨੂੰ ਉਡੀਕਦੇ ਮੁੱਖ ਮੰਤਰੀ ਏਕਨਾਥ ਸ਼ਿੰਦੇ ਤੇ ਉਪ ਮੁੱਖ ਮੰਤਰੀ ਦਵਿੰਦਰ ਫੜਨਵੀਸ।

ਮੁੰਬਈ : ਮਹਾਰਾਸ਼ਟਰ ਵਿਚ ਐਤਵਾਰ ਤੇਜ਼ੀ ਨਾਲ ਬਦਲੀ ਸਿਆਸਤ ਦਰਮਿਆਨ ਨੈਸ਼ਨਲਿਸਟ ਕਾਂਗਰਸ ਪਾਰਟੀ (ਐੱਨ ਸੀ ਪੀ) ਦੇ ਨੇਤਾ ਅਜੀਤ ਪਵਾਰ ਨੇ ਉਪ ਮੁੱਖ ਮੰਤਰੀ ਵਜੋਂ ਹਲਫ ਲਿਆ। ਅਸੰਬਲੀ 'ਚ ਐੱਨ ਸੀ ਪੀ ਦੇ ਕੁੱਲ 53 ਵਿਧਾਇਕਾਂ ਵਿੱਚੋਂ 30 ਵਿਧਾਇਕ ਉਨ੍ਹਾ ਦੇ ਨਾਲ ਦੱਸੇ ਗਏ ਹਨ। ਅਜੀਤ ਪਵਾਰ ਤੋਂ ਇਲਾਵਾ ਐੱਨ ਸੀ ਪੀ ਨੇਤਾਵਾਂ ਛਗਨ ਭੁਜਬਲ, ਧਨੰਜੈ ਮੁੰਡੇ, ਦਿਲੀਪ ਵਾਲਸੇ ਪਾਟਿਲ, ਹਸਨ ਮੁਸ਼ਰਿਫ, ਅਦਿਤੀ ਤਟਕਰੇ, ਧਰਮਰਾਓ ਅਤਰਾਮ, ਅਨਿਲ ਪਾਟਿਲ ਅਤੇ ਸੰਜੈ ਬੰਸੋੜ ਨੇ ਵੀ ਮੰਤਰੀ ਵਜੋਂ ਸਹੁੰ ਚੁੱਕੀ।

ਰਾਜ ਭਵਨ 'ਚ ਹਾਜ਼ਰ ਮਹਾਰਾਸ਼ਟਰ ਦੇ ਵਿਧਾਨ ਸਭਾ ਦੇ ਸਪੀਕਰ ਰਾਹਲ ਨਰਵੇਕਰ ਨੇ ਕਿਹਾ ਕਿ ਅਜੀਤ ਪਵਾਰ ਨੇ ਵਿਰੋਧੀ ਧਿਰ ਦੇ ਨੇਤਾ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ ਅਤੇ ਉਨ੍ਹਾ ਅਸਤੀਫਾ ਸਵੀਕਾਰ ਕਰ ਲਿਆ ਹੈ। ਇਸ ਤੋਂ ਪਹਿਲਾਂ ਐੱਨ ਸੀ ਪੀ ਦੇ ਸੀਨੀਅਰ ਨੇਤਾ ਅਜੀਤ ਪਵਾਰ ਨੇ ਮੁੰਬਈ ਸਥਿਤ ਆਪਣੀ ਰਿਹਾਇਸ਼ 'ਦੇਵਗਿਰੀ' 'ਚ ਪਾਰਟੀ ਦੇ ਕੁਝ ਨੇਤਾਵਾਂ ਅਤੇ ਵਿਧਾਇਕਾਂ ਨਾਲ ਮੁਲਾਕਾਤ ਕੀਤੀ। ਅਜੀਤ ਪਵਾਰ ਨੇ ਉਪ ਮੁੱਖ ਮੰਤਰੀ ਦੀ ਸਹੁੰ ਚੁੱਕਣ ਤੋਂ ਬਾਅਦ ਕਿਹਾ ਕਿ ਉਨ੍ਹਾ ਦੀ ਪਾਰਟੀ ਨੇ ਏਕਨਾਥ ਸ਼ਿੰਦੇ ਸਰਕਾਰ ਵਿਚ ਸ਼ਾਮਲ ਹੋਣ ਦਾ ਫੈਸਲਾ ਦੇਸ਼ ਦੇ ਵਿਕਾਸ ਲਈ ਕੀਤਾ। ਉਨ੍ਹਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਲੀਡਰਸ਼ਿਪ ਦੀ ਸ਼ਲਾਘਾ ਕੀਤੀ। ਉਨ੍ਹਾ ਦਾਅਵਾ ਕੀਤਾ ਕਿ ਐੱਨ ਸੀ ਪੀ ਵਿਚ ਫੁੱਟ ਨਹੀਂ ਪਏ ਤੇ ਉਹ ਅਗਲੀਆਂ ਸਾਰੀਆਂ ਚੋਣਾਂ ਐੱਨ ਸੀ ਪੀ ਦੇ ਨਾਂਅ ਤੇ ਨਿਸ਼ਾਨ 'ਤੇ ਲੜਨਗੇ। ਪਾਰਟੀ ਦੇ ਸਾਰੇ ਚੁਣੇ ਹੋਏ ਨੁਮਾਇੰਦਿਆਂ ਨੇ ਉਨ੍ਹਾ ਦੇ ਫੈਸਲੇ ਦੀ ਹਮਾਇਤ ਕੀਤੀ ਹੈ। ਉਨ੍ਹਾ ਕਿਹਾ—ਜੇ ਅਸੀਂ ਸ਼ਿਵ ਸੈਨਾ ਨਾਲ ਜਾ ਸਕਦੇ ਸੀ ਤਾਂ ਭਾਜਪਾ ਨਾਲ ਵੀ ਜਾ ਸਕਦੇ ਹਾਂ। ਨਾਗਾਲੈਂਡ ਵਿਚ ਵੀ ਅਜਿਹਾ ਹੋਇਆ।

ਮੇਰੇ ਲਈ ਇਹ ਨਵੀਂ ਗੱਲ ਨਹੀਂ : ਸ਼ਰਦ ਪਵਾਰ

ਪੁਣੇ : ਨੈਸ਼ਨਲਿਸਟ ਕਾਂਗਰਸ ਪਾਰਟੀ ਦੇ 83 ਸਾਲਾ ਪ੍ਰਧਾਨ ਸ਼ਰਦ ਪਵਾਰ ਨੇ ਕਿਹਾ—ਇਹ ਘਟਨਾਕ੍ਰਮ ਹੋਰਨਾਂ ਲਈ ਨਵਾਂ ਹੋ ਸਕਦਾ ਹੈ, ਪਰ ਮੇਰੇ ਲਈ ਨਹੀਂ। ਮੈਨੂੰ ਮਹਾਰਾਸ਼ਟਰ ਦੇ ਲੋਕਾਂ, ਖਾਸਕਰ ਨੌਜਵਾਨਾਂ 'ਤੇ ਯਕੀਨ ਹੈ। ਅਸੀਂ ਐੱਨ ਸੀ ਪੀ ਦਾ ਨਾਂਅ ਲੈ ਕੇ ਕਿਸੇ ਦੇ ਕੁਝ ਕਹਿਣ 'ਤੇ ਨਹੀਂ ਲੜਾਂਗੇ, ਅਸੀਂ ਲੋਕਾਂ 'ਚ ਜਾਵਾਂਗੇ।

ਆਪਣੇ ਭਤੀਜੇ ਅਜੀਤ ਪਵਾਰ ਬਾਰੇ ਬੋਲਦਿਆਂ ਪਵਾਰ ਨੇ ਕਿਹਾ ਕਿ ਜਿਨ੍ਹਾਂ ਨੇ ਪਾਰਟੀ ਦੇ ਸਿਧਾਂਤਾਂ ਦੀ ਉਲੰਘਣਾ ਕਰਕੇ ਸਹੁੰ ਚੁੱਕੀ ਹੈ, ਉਨ੍ਹਾਂ ਬਾਰੇ ਫੈਸਲਾ ਕੀਤਾ ਜਾਵੇਗਾ। ਸ਼ਰਦ ਪਵਾਰ ਨੇ ਕਿਹਾ—ਮੈਂ, ਛੱਡ ਕੇ ਗਏ ਲੋਕਾਂ ਕਰਕੇ ਪ੍ਰੇਸ਼ਾਨ ਨਹੀਂ ਹਾਂ, ਪਰ ਮੈਨੂੰ ਉਨ੍ਹਾਂ ਦੇ ਭਵਿੱਖ ਦੀ ਫਿਕਰ ਹੈ। ਮੈਂ ਖੁਸ਼ ਹਾਂ ਕਿ ਪ੍ਰਧਾਨ ਮੰਤਰੀ ਮੋਦੀ ਨੇ ਐੱਨ ਸੀ ਪੀ ਦੇ ਕੁਝ ਆਗੂਆਂ ਨੂੰ ਮੰਤਰੀ ਬਣਾ ਕੇ ਕੁਰੱਪਸ਼ਨ ਦੇ ਦੋਸ਼ਾਂ ਤੋਂ ਸਾਫ ਕਰ ਦਿੱਤਾ ਹੈ।

ਪਵਾਰ ਨੇ ਅੱਗੇ ਕਿਹਾ—ਮੈਨੂੰ ਮਮਤਾ ਬੈਨਰਜੀ ਤੇ ਮਲਿਕਾਰਜੁਨ ਖੜਗੇ ਦੇ ਫੋਨ ਆਏ ਹਨ। ਉਨ੍ਹਾ ਮੇਰੀ ਹਮਾਇਤ ਕੀਤੀ ਹੈ। ਜੇ ਕੋਈ ਐੱਨ ਸੀ ਪੀ 'ਤੇ ਦਾਅਵਾ ਕਰਦਾ ਹੈ ਤਾਂ ਕੋਈ ਸਮੱਸਿਆ ਨਹੀਂ। ਮੈਂ ਹਮਾਇਤ ਲਈ ਲੋਕਾਂ ਕੋਲ ਜਾਵਾਂਗਾ। ਮੈਨੂੰ ਵਿਸ਼ਵਾਸ ਹੈ ਕਿ ਉਹ ਮੇਰੀ ਹਮਾਇਤ ਕਰਨਗੇ। ਭਲਕੇ (ਸੋਮਵਾਰ) ਮੈਂ ਵਾਈ ਬੀ ਚਵਾਨ (ਮਹਾਰਾਸ਼ਟਰ ਦੇ ਸਾਬਕਾ ਮੁੱਖ ਮੰਤਰੀ) ਦਾ ਅਸ਼ੀਰਵਾਦ ਲੈ ਕੇ ਜਨਤਕ ਮੀਟਿੰਗ ਕਰਾਂਗਾ। ਮੈਂ ਕਦੇ ਨਹੀਂ ਕਹਾਂਗਾ ਕਿ ਮੇਰੇ ਘਰ ਵਿਚ ਫੁੱਟ ਪੈ ਗਈ। ਇਹ ਮੇਰੇ ਘਰ ਦਾ ਮੁੱਦਾ ਨਹੀਂ, ਇਹ ਲੋਕਾਂ ਦਾ ਮੁੱਦਾ ਹੈ। ਮੈਨੂੰ ਛੱਡ ਕੇ ਜਾਣ ਵਾਲਿਆਂ ਦੇ ਭਵਿੱਖ ਦੀ ਚਿੰਤਾ ਹੈ। ਮੈਂ ਇਸ ਦਾ ਸਿਹਰਾ ਪ੍ਰਧਾਨ ਮੰਤਰੀ ਮੋਦੀ ਨੂੰ ਦੇਣਾ ਚਾਹੁੰਦਾ ਹਾਂ। ਦੋ ਦਿਨ ਪਹਿਲਾਂ ਮੋਦੀ ਨੇ ਐੱਨ ਸੀ ਪੀ ਬਾਰੇ ਗੱਲਾਂ ਕੀਤੀਆਂ ਸਨ। ਉਨ੍ਹਾ ਦੋ ਗੱਲਾਂ ਕਹੀਆਂ ਸਨ। ਇਕ ਇਹ ਕਿ ਐੱਨ ਸੀ ਪੀ ਖਤਮ ਹੋ ਗਈ ਹੈ। ਉਨ੍ਹਾ ਕੁਰੱਪਸ਼ਨ ਦੇ ਦੋਸ਼ ਲਾਏ ਸਨ। ਮੈਂ ਖੁਸ਼ ਹਾਂ ਕਿ ਮੇਰੇ ਕੁਝ ਸਾਥੀ ਮੰਤਰੀ ਬਣ ਗਏ ਹਨ, ਉਹ ਦੁੱਧ ਧੋਤੇ ਹੋ ਗਏ ਹਨ। ਮੈਂ ਇਸ ਲਈ ਪ੍ਰਧਾਨ ਮੰਤਰੀ ਦਾ ਸ਼ੁਕਰਗੁਜ਼ਾਰ ਹਾਂ।

ਪਵਾਰ ਨੇ ਇਹ ਵੀ ਕਿਹਾ—ਮੈਂ ਚੋਣ ਨਿਸ਼ਾਨ 'ਤੇ ਅਜੀਤ ਪਵਾਰ ਨਾਲ ਨਹੀਂ ਲੜਨਾ, ਮੈਂ ਸਿੱਧਾ ਲੋਕਾਂ 'ਚ ਜਾਵਾਂਗਾ।

ਲੋਕ ਇਸ ਸਰਕਸ ਨੂੰ ਬਰਦਾਸ਼ਤ ਨਹੀਂ ਕਰਨਗੇ : ਰਾਊਤ

ਮੁੰਬਈ : ਸ਼ਿਵ ਸੈਨਾ (ਊਧਵ ਬਾਲ ਠਾਕਰੇ) ਨੇਤਾ ਸੰਜੈ ਰਾਊਤ ਨੇ ਕਿਹਾ ਕਿ ਸ਼ਰਦ ਪਵਾਰ 'ਤੇ ਆਪਣੀ ਪਾਰਟੀ 'ਚ ਫੁੱਟ ਦਾ ਕੋਈ ਅਸਰ ਨਹੀਂ ਅਤੇ ਉਹ ਨਵੇਂ ਸਿਰੇ ਤੋਂ ਸ਼ੁਰੂਆਤ ਕਰ ਸਕਦੇ ਹਨ। ਰਾਊਤ ਨੇ ਕਿਹਾ—ਮੈਂ ਸ਼ਰਦ ਪਵਾਰ ਨਾਲ ਗੱਲ ਕੀਤੀ ਹੈ। ਉਨ੍ਹਾ ਕਿਹਾ ਹੈ ਕਿ ਉਹ ਅਡੋਲ ਹਨ ਅਤੇ ਲੋਕਾਂ ਦਾ ਸਮਰਥਨ ਉਨ੍ਹਾ ਦੇ ਨਾਲ ਹੈ। ਅਸੀਂ ਊਧਵ ਠਾਕਰੇ ਨਾਲ ਨਵੀਂ ਸ਼ੁਰੂਆਤ ਕਰ ਸਕਦੇ ਹਾਂ।

ਰਾਊਤ ਨੇ ਸਿਆਸੀ ਪਾਰਟੀਆਂ 'ਚ ਫੁੱਟ ਰਾਹੀਂ ਸਰਕਾਰ ਬਣਾਉਣ ਦੇ ਸਪੱਸ਼ਟ ਹਵਾਲੇ ਨਾਲ ਕਿਹਾ ਕਿ ਮਹਾਰਾਸ਼ਟਰ ਦੇ ਲੋਕ ਅਜਿਹੀ 'ਸਰਕਸ' ਨੂੰ ਬਹੁਤੀ ਦੇਰ ਬਰਦਾਸ਼ਤ ਨਹੀਂ ਕਰਨਗੇ। ਉਨ੍ਹਾ ਅਜੀਤ ਪਵਾਰ, ਮੁੱਖ ਮੰਤਰੀ ਏਕਨਾਥ ਸ਼ਿੰਦੇ ਅਤੇ ਭਾਜਪਾ ਦੇ ਸੰਬੰਧ 'ਚ ਕਿਹਾ—ਅਜਿਹਾ ਲੱਗਦਾ ਹੈ ਕਿ ਕੁਝ ਲੋਕ ਮਹਾਰਾਸ਼ਟਰ ਦੀ ਰਾਜਨੀਤੀ ਨੂੰ ਪੂਰੀ ਤਰ੍ਹਾਂ ਖਰਾਬ ਕਰਨ ਲਈ ਦ੍ਰਿੜ੍ਹ ਹਨ। ਉਨ੍ਹਾਂ ਨੂੰ ਆਪਣੇ ਚੁਣੇ ਹੋਏ ਰਾਹ 'ਤੇ ਅੱਗੇ ਵਧਣ ਦਿਓ।

ਭਾਜਪਾ ਦੀ ਸ਼ਰਮਨਾਕ ਕਾਰਵਾਈ : ਮਹਿਬੂਬਾ

ਸ੍ਰੀਨਗਰ : ਪੀਪਲਜ਼ ਡੈਮੋਕਰੇਟਿਕ ਪਾਰਟੀ ਦੀ ਪ੍ਰਧਾਨ ਮਹਿਬੂਬਾ ਮੁਫਤੀ ਨੇ ਕਿਹਾ ਹੈ—ਭਾਜਪਾ ਨੇ ਜਿਵੇਂ ਮਹਾਰਾਸ਼ਟਰ 'ਚ ਵਾਰ-ਵਾਰ ਲੋਕਾਂ ਦੇ ਫਤਵੇ ਨੂੰ ਖੋਖਲਾ ਕੀਤਾ ਹੈ, ਉਸ ਦੀ ਨਿਖੇਧੀ ਲਈ ਸ਼ਬਦ ਕਾਫੀ ਨਹੀਂ ਹਨ। ਇਹ ਸਿਰਫ ਜਮਹੂਰੀਅਤ ਦਾ ਹੀ ਕਤਲ ਨਹੀਂ, ਸਗੋਂ ਉਹ ਆਪਣੀਆਂ ਅਜਿਹੀਆਂ ਸ਼ਰਮਨਾਕ ਕਾਰਵਾਈਆਂ ਨੂੰ ਲੁਕਾਉਣ ਲਈ ਲਈ ਦੇਸ਼ ਭਗਤੀ ਦਾ ਸਹਾਰਾ ਲੈ ਰਹੀ ਹੈ। ਇੱਕ ਪਾਸੇ ਭਾਜਪਾ ਭ੍ਰਿਸ਼ਟਾਚਾਰ ਦੇ ਦੋਸ਼ਾਂ ਹੇਠ ਸਿਆਸੀ ਵਿਰੋਧੀਆਂ ਨੂੰ ਗ੍ਰਿਫਤਾਰ ਕਰ ਰਹੀ ਹੈ, ਜਦਕਿ ਉਹ ਖੁਦ ਵਿਧਾਇਕਾਂ ਨੂੰ ਖਰੀਦਣ ਦੀ ਦੌੜ 'ਚ ਲੱਗੀ ਹੋਈ ਹੈ। ਲੋਕਾਂ ਦੇ ਮੁਸ਼ੱਕਤ ਨਾਲ ਕਮਾਏ ਹੋਏ ਪੈਸਿਆਂ ਦੀ ਭਾਜਪਾ ਦੀ ਸੱਤਾ ਦੀ ਭੁੱਖ ਮਿਟਾਉਣ ਲਈ ਦੁਰਵਰਤੋਂ ਕੀਤੀ ਜਾ ਰਹੀ ਹੈ।

ਅਨਸਾਰੀ 'ਤੇ ਖਰਚੇ 55 ਲੱਖ ਕੈਪਟਨ ਤੇ ਰੰਧਾਵਾ ਤੋਂ ਵਸੂਲਾਂਗੇ : ਮਾਨ

ਚੰਡੀਗੜ੍ਹ (ਗੁਰਜੀਤ ਬਿੱਲਾ)

ਮੁੱਖ ਮੰਤਰੀ ਭਗਵੰਤ ਮਾਨ ਨੇ ਐਤਵਾਤ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਕਿ ਸੂਬੇ ਦੀਆਂ ਜੇਲ੍ਹਾਂ ਵਿੱਚ ਖਤਰਨਾਕ ਅਪਰਾਧੀ ਮੁਖਤਾਰ ਅਨਸਾਰੀ ਦੇ ਆਰਾਮਪ੍ਰਸਤੀ ਠਹਿਰਾਅ 'ਤੇ ਖਰਚੇ ਗਏ 55 ਲੱਖ ਰੁਪਏ ਸੂਬਾ ਸਰਕਾਰ ਅਦਾ ਨਹੀਂ ਕਰੇਗੀ ਅਤੇ ਇਹ ਪੈਸਾ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਸਾਬਕਾ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਤੋਂ ਵਸੂਲ ਕੀਤਾ ਜਾਵੇਗਾ। ਜਾਰੀ ਬਿਆਨ ਵਿੱਚ ਮੁੱਖ ਮੰਤਰੀ ਨੇ ਕਿਹਾ ਕਿ ਇਹ ਸੂਬੇ ਅਤੇ ਇਸ ਦੇ ਲੋਕਾਂ ਵਿਰੁੱਧ ਇੱਕ ਗੰਭੀਰ ਅਪਰਾਧ ਹੈ ਅਤੇ ਇਸ ਵਿੱਚ ਸ਼ਾਮਲ ਲੋਕਾਂ ਨੂੰ ਇਸ ਦਾ ਖਮਿਆਜ਼ਾ ਭੁਗਤਣਾ ਪਵੇਗਾ। ਉਨ੍ਹਾ ਕਿਹਾ ਕਿ ਕੈਪਟਨ ਅਤੇ ਰੰਧਾਵਾ ਦੋਵਾਂ ਨੇ ਬਦਨਾਮ ਗੈਂਗਸਟਰ ਨੂੰ ਪੰਜਾਬ ਦੀਆਂ ਜੇਲ੍ਹਾਂ ਵਿਚ ਐਸ਼ਪ੍ਰਸਤੀ ਨਾਲ ਰਹਿਣ ਦੀ ਖੁੱਲ੍ਹ ਦਿੱਤੀ,

● ਬਾਕੀ ਸਫ਼ਾ 2 'ਤੇ

ਪਠਾਨਕੋਟ 'ਚ 206 ਮੈਗਾਵਾਟ ਦਾ ਪਾਵਰ ਪ੍ਰਾਜੈਕਟ ਲਾਵੇਗੀ ਸਰਕਾਰ

ਚੰਡੀਗੜ੍ਹ (ਗੁਰਜੀਤ ਬਿੱਲਾ)-ਮੁੱਖ ਮੰਤਰੀ ਭਗਵੰਤ ਮਾਨ ਨੇ ਐਤਵਾਰ ਸੂਬੇ ਵਿਚ ਮੁਫ਼ਤ ਬਿਜਲੀ ਦੀ ਗਾਰੰਟੀ ਦਾ ਇਕ ਸਾਲ ਸਫਲਤਾ ਨਾਲ ਮੁਕੰਮਲ ਹੋਣ ਉਤੇ ਪੰਜਾਬ ਵਾਸੀਆਂ ਨੂੰ ਵਧਾਈ ਦਿੱਤੀ, ਜਿਸ ਨਾਲ ਸਮਾਜ ਦੇ ਹਰੇਕ ਤਬਕੇ ਨੂੰ ਵੱਡਾ ਲਾਭ ਮਿਲਿਆ ਹੈ। ਉਨ੍ਹਾ ਕਿਹਾ ਕਿ ਸੂਬੇ ਦੇ 90 ਫੀਸਦੀ ਘਰਾਂ ਨੂੰ ਮੁਫਤ ਬਿਜਲੀ ਮਿਲ ਰਹੀ ਹੈ ਅਤੇ ਪਿਛਲੀ ਜੁਲਾਈ ਤੋਂ ਬਿਜਲੀ ਦਾ ਬਿੱਲ ਜ਼ੀਰੋ ਆ ਰਿਹਾ ਹੈ। ਕਿਸਾਨਾਂ ਨੂੰ ਬਿਨਾਂ ਕਿਸੇ ਕੱਟ ਦੇ ਅੱਠ ਘੰਟੇ ਤੋਂ ਵੱਧ ਸਮਾਂ ਨਿਰਵਿਘਨ ਬਿਜਲੀ ਸਪਲਾਈ ਮਿਲ ਰਹੀ ਹੈ। ਉਨ੍ਹਾ ਕਿਹਾ ਕਿ ਕਿਸਾਨ ਸੂਬਾ ਸਰਕਾਰ ਦਾ ਧੰਨਵਾਦ ਵੀ ਕਰ ਰਹੇ ਹਨ। ਮਾਨ ਨੇ ਕਿਹਾ ਕਿ

● ਬਾਕੀ ਸਫ਼ਾ 2 'ਤੇ

ਯੂ ਸੀ ਸੀ ਦੇ ਖਿਲਾਫ ਨਹੀਂ : ਮਾਇਆਵਤੀ

ਲਖਨਊ : ਬਹੁਜਨ ਸਮਾਜ ਪਾਰਟੀ (ਬਸਪਾ) ਦੀ ਪ੍ਰਧਾਨ ਮਾਇਆਵਤੀ ਨੇ ਐਤਵਾਰ ਕਿਹਾ ਕਿ ਉਨ੍ਹਾ ਦੀ ਪਾਰਟੀ ਸਾਂਝਾ ਸਿਵਲ ਕੋਡ (ਯੂ ਸੀ ਸੀ) ਨੂੰ ਲਾਗੂ ਕਰਨ ਦੇ ਖਿਲਾਫ ਨਹੀਂ ਹੈ, ਪਰ ਭਾਜਪਾ ਸਰਕਾਰ ਦੇ ਦੇਸ਼ ਵਿਚ ਇਸ ਨੂੰ ਲਾਗੂ ਕਰਨ ਦੇ ਤਰੀਕੇ ਨਾਲ ਸਹਿਮਤ ਨਹੀਂ। ਬਸਪਾ ਮੁਖੀ ਨੇ ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸੰਵਿਧਾਨ ਦੀ ਧਾਰਾ 44 ਯੂ ਸੀ ਸੀ ਬਣਾਉਣ ਦੀ ਮੰਗ ਕਰਦੀ ਹੈ, ਪਰ ਇਸ ਨੂੰ ਥੋਪਣ ਦੀ ਨਹੀਂ। ਇਸ ਲਈ ਭਾਜਪਾ ਨੂੰ ਇਹ ਸਾਰੀਆਂ ਗੱਲਾਂ ਧਿਆਨ 'ਚ ਰੱਖ ਕੇ ਹੀ ਕੋਈ ਵੀ ਕਦਮ ਚੁੱਕਣਾ ਚਾਹੀਦਾ ਹੈ। ਸਾਬਕਾ ਮੁੱਖ ਮੰਤਰੀ ਮਾਇਆਵਤੀ ਨੇ ਕਿਹਾ ਕਿ ਜੇ ਵੱਖ-ਵੱਖ ਧਰਮਾਂ ਨੂੰ ਮੰਨਣ ਵਾਲੇ ਲੋਕਾਂ 'ਤੇ ਹਰ ਮਾਮਲੇ 'ਚ ਇੱਕੋ ਜਿਹਾ ਕਾਨੂੰਨ ਲਾਗੂ ਹੋ ਜਾਵੇ ਤਾਂ ਦੇਸ਼ ਕਮਜ਼ੋਰ ਨਹੀਂ ਹੋਵੇਗਾ, ਸਗੋਂ ਮਜ਼ਬੂਤ ਹੋਵੇਗਾ। ਇਸ ਦੇ ਨਾਲ ਹੀ ਲੋਕਾਂ 'ਚ ਆਪਸੀ ਸਦਭਾਵਨਾ ਅਤੇ ਭਾਈਚਾਰਾ ਵੀ ਪੈਦਾ ਹੋਵੇਗਾ।

160 ਰੁਪਏ !

ਰਾਏਸੇਨ : ਮੱਧ ਪ੍ਰਦੇਸ਼ ਦੇ ਰਾਏਸੇਨ ਜ਼ਿਲ੍ਹੇ ਵਿਚ ਟਮਾਟਰ ਐਤਵਾਰ 160 ਰੁਪਏ ਕਿੱਲੋ ਵਿਕਿਆ।

ਸੂਬੇ ਵਿਚ ਹੋਰਨੀਂ ਥਾਈਂ ਭਾਅ 120 ਤੋਂ 150 ਰੁਪਏ ਰਿਹਾ। ਟਮਾਟਰ ਉਤਪਾਦਕ ਗਣਪਤ ਸਿੰਘ ਕੁਸ਼ਵਾਹਾ, ਸੀਤਾ ਰਾਮ ਕੁਰਮੀ ਤੇ ਮਨੋਜ ਪਟੇਲ ਨੇ ਕਿਹਾ ਕਿ ਵਪਾਰੀ ਉਨ੍ਹਾਂ ਤੋਂ 20 ਰੁਪਏ ਕਿੱਲੋ ਟਮਾਰਟਰ ਖਰੀਦ ਰਹੇ ਹਨ।

ਮਾਂ ਤੇ ਮਤਰੇਏ ਭਰਾ ਦਾ ਵਹਿਸ਼ੀਆਨਾ ਕਤਲ

ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)

ਸਬ-ਡਵੀਜ਼ਨ ਪਾਤੜਾਂ ਦੇ ਪਿੰਡ ਕਾਂਗਥਲਾ ਵਿਖੇ ਇੱਕ ਨਸ਼ੇੜੀ ਪੁੱਤ ਨੇ ਕਥਿਤ ਤੌਰ 'ਤੇ ਦੋ ਸਾਥੀਆਂ ਨਾਲ ਮਿਲ ਕੇ ਆਪਣੀ ਮਾਂ ਅਤੇ ਮਤਰੇਏ ਭਰਾ ਦਾ ਕਤਲ ਕਰ ਦਿੱਤਾ। ਉਸ ਨੇ ਮਾਂ ਦੀ ਲਾਸ਼ ਦੇ ਟੋਟੇ ਕਰਕੇ ਤੇਲ ਪਾ ਕੇ ਫੂਕ ਦਿੱਤਾ, ਜਦੋਂ ਕਿ ਭਰਾ ਦੀ ਲਾਸ਼ ਨੂੰ ਨਾਲ ਲੱਗਦੀ ਡਰੇਨ ਵਿੱਚ ਸੁੱਟ ਦਿੱਤਾ। ਥਾਣਾ ਸ਼ੁਤਰਾਣਾ ਦੇ ਮੁਖੀ ਮਨਪ੍ਰੀਤ ਸਿੰਘ ਨੇ ਦੱਸਿਆ ਕਿ ਉਹ ਗਸ਼ਤ ਦੌਰਾਨ ਸਾਗਰਾ ਪੁਲ 'ਤੇ ਪੁਲਸ ਪਾਰਟੀ ਨਾਲ ਮੌਜੂਦ ਸਨ ਤਾਂ ਕਾਂਗਥਲਾ ਵਾਸੀ ਭਗਵਾਨ ਸਿੰਘ ਨੇ ਦੱਸਿਆ ਕਿ ਉਸ ਦੇ ਤਾਏ ਦੀ ਲੜਕੀ, ਜੋ ਪਿੰਡ ਵਿਚ ਵਿਆਹੀ ਹੋਈ ਹੈ, ਦੇ

ਮ੍ਰਿਤਕ ਮਾਂ-ਪੁੱਤ ਦੀਆਂ ਫਾਈਲ ਤਸਵੀਰਾਂ

ਗੁਆਂਢੀ ਨੇ ਫੋਨ 'ਤੇ ਦੱਸਿਆ ਕਿ ਉਨ੍ਹਾਂ ਦੇ ਘਰ ਕੁਝ ਸੜ ਰਿਹਾ ਹੈ। ਜਦ ਉਹ ਕੁਝ ਹੋਰ ਵਿਅਕਤੀਆਂ ਨਾਲ ਪਹੁੰਚੇ ਤਾਂ ਉਸ ਦਾ ਭਾਣਜਾ ਗੁਰਵਿੰਦਰ ਸਿੰਘ ਉਹਨਾਂ ਨੂੰ ਦੇਖ ਕੇ ਦੋ ਦੋਸਤਾਂ ਨਾਲ ਭੱਜ ਗਿਆ। ਉਨ੍ਹਾਂ ਆਸਪਾਸ ਦੇਖਿਆ ਤਾਂ ਉਥੇ ਖੂਨ ਦੇ ਧੱਬੇ ਮੌਜੂਦ ਸਨ। ਬਿਆਨ ਦਰਜ ਕਰਨ ਮਗਰੋਂ ਮੁੱਢਲੀ ਪੜਤਾਲ ਦੌਰਾਨ ਸਾਹਮਣੇ ਆਇਆ ਕਿ ਨਸ਼ੇ ਵਿੱਚ ਧੁੱਤ ਨੌਜਵਾਨਾਂ ਵੱਲੋਂ ਮਾਂ ਪੁੱਤ ਦਾ ਕਤਲ ਕੀਤਾ ਗਿਆ ਹੈ।

ਮਾਂ ਦੇ ਕਤਲ ਨੂੰ ਛੁਪਾਉਣ ਦੇ ਮਕਸਦ ਨਾਲ ਮੌਕੇ ਉੱਤੇ ਆਏ ਛੋਟੇ ਭਰਾ ਜਸਵਿੰਦਰ ਸਿੰਘ ਨੂੰ ਵੀ ਇਹਨਾਂ ਵੱਲੋਂ ਕਤਲ ਕਰਕੇ ਲਾਸ਼ ਨੂੰ ਮਾਰੂਤੀ ਅਲਟੋ ਕਾਰ ਰਾਹੀਂ ਖਨੌਰੀ ਨੇੜੇ ਡਰੇਨ ਵਿੱਚ ਸੁੱਟ ਦਿੱਤਾ ਗਿਆ। ਉਨ੍ਹਾ ਦੱਸਿਆ ਕਿ ਪੁਲਸ ਨੇ ਗੁਰਵਿੰਦਰ ਸਿੰਘ ਅਤੇ ਉਸ ਦੇ ਦੋ ਦੋਸਤਾਂ ਰਜਿੰਦਰ ਸਿੰਘ ਰਾਜਾ ਅਤੇ ਰਣਜੀਤ ਸਿੰਘ ਖਿਲਾਫ ਕੇਸ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

3-JULY-PAGE-1.qxd 7/2/2023 8:42 PM Page 2

ਲਾਇਨਜ਼ ਕਲੱਬ ਮੁਕਤਸਰ ਅਜ਼ਾਦ ਨੇ ਨਵੇਂ ਸਾਲ ਦੀ ਕੀਤੀ ਸ਼ੁਰੂਆਤ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)-ਲਾਇਨਜ਼ ਕਲੱਬ ਮੁਕਤਸਰ ਅਜ਼ਾਦ ਨੇ ਨਵੇਂ ਸਾਲ ਦੀ ਸ਼ੁਰੂਆਤ ਲਾਇਨ ਅਮਰਦੀਪ ਸਿੰਘ ਨਵੇਂ ਬਣੇ ਪ੍ਰਧਾਨ ਦੀ ਅਗਵਾਈ ਵਿੱਚ ਗੁਰਦੁਆਰਾ ਟੁੱਟੀ ਗੰਢੀ ਸਾਹਿਬ ਵਿਖੇ ਨਤਮਸਤਕ ਹੋ ਕੇ ਕੀਤੀ ਅਤੇ ਗੁਰੂ ਗ੍ਰੰਥ ਸਾਹਿਬ ਜੀ ਦਾ ਓਟ ਆਸਰਾ ਲਿਆ ਤਾਂ ਜੋ ਸਾਲ 2023-24 ਵਿੱਚ ਮਾਨਵਤਾ ਦੀ ਵੱਧ ਤੋਂ ਵੱਧ ਸੇਵਾ ਕਰ ਸਕਣ। ਇਸ ਮੌਕੇ ਕਲੱਬ ਦੇ ਪ੍ਰਧਾਨ ਲਾਇਨ ਅਮਰਦੀਪ ਸਿੰਘ ਤੋਂ ਇਲਾਵਾ ਭਾਈ ਰਸਬੀਰ ਸਿੰਘ, ਰਮਨਜੀਤ ਸਿੰਘ ਸੰਧੂ, ਡਾਕਟਰ ਪੀ ਐਸ ਧੀਂਗੜਾ, ਡਾਕਟਰ ਵਿਜੇ ਸੁਖੀਜਾ, ਰਵੀ ਅਗਰਵਾਲ, ਵਿਕਾਸ ਗੋਇਲ, ਰਵਿੰਦਰ ਭਟੇਜਾ, ਐਸ ਪੀ ਗੁੰਬਰ, ਡੀ ਐਸ ਕੰਡਾ, ਸੁਭਾਸ਼ ਭਾਟੀਆ, ਸ਼ਰਾਜ ਰਾਜਦੇਵ, ਚਮਨ ਲਾਲ ਪੰਨਸੇਜਾ, ਅਮਿਤ ਗਿਰਧਰ, ਰਜਨੀਸ਼ ਵਾਟਸ, ਡਾ. ਅਭੈਜੀਤ ਸਿੰਘ ਸੰਧੂ, ਜਤਿੰਦਰਪਾਲ ਕੌਰ, ਹੇਮਾ ਗੋਇਲ, ਗੁਰਪ੍ਰੀਤ ਕੌਰ, ਰੇਖਾ ਅਗਰਵਾਲ, ਡਾਕਟਰ ਹਰਵਿੰਦਰ ਧੀਂਗੜਾ ਆਦਿ ਮੈਂਬਰ ਸ਼ਾਮਲ ਸਨ।

ਡਾਕਟਰ ਦਿਵਸ ਮੌਕੇ ਸਿਵਲ ਸਰਜਨ ਦਾ ਵਿਸ਼ੇਸ਼ ਸਨਮਾਨ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਜੈ ਮਿਲਾਪ ਲੈਬਾਰਟਰੀ ਐਸੋਸੀਏਸ਼ਨ ਜ਼ਿਲ੍ਹਾ ਫਿਰੋਜ਼ਪੁਰ ਨੇ ਡਾਕਟਰ ਦਿਵਸ ਮੌਕੇ ਸਿਵਲ ਸਰਜਨ ਦਫ਼ਤਰ ਪਹੁੰਚ ਕੇ ਸਿਵਲ ਸਰਜਨ ਡਾ. ਰਜਿੰਦਰਪਾਲ ਦਾ ਵਿਸ਼ੇਸ਼ ਸਨਮਾਨ ਕੀਤਾ।ਇਸ ਮੌਕੇ ਜ਼ਿਲ੍ਹਾ ਪ੍ਰਧਾਨ ਬਰਜਿੰਦਰ ਸਿੰਘ ਖ਼ਾਲਸਾ ਅਤੇ ਜ਼ਿਲ੍ਹਾ ਸਕੱਤਰ ਗੁਰਚਰਨ ਸ਼ਰਮਾ ਨੇ ਸਿਵਲ ਸਰਜਨ ਨੂੰ ਦੱਸਿਆ ਕਿ ਜੈ ਮਿਲਾਪ ਲੈਬਾਰਟਰੀ ਐਸੋਸੀਏਸ਼ਨ ਨੇ ਹਮੇਸ਼ਾ ਹੀ ਸਿਹਤ ਵਿਭਾਗ ਨੂੰ ਸਹਿਯੋਗ ਦਿੱਤਾ ਹੈ।ਉਨ੍ਹਾਂ ਕਿਹਾ ਕਿ ਜਦੋਂ ਵੀ ਸਿਹਤ ਵਿਭਾਗ ਨੂੰ ਜੈ ਮਿਲਾਪ ਦੇ ਵਲੰਟੀਅਰਾਂ ਦੀ ਲੋੜ ਹੁੰਦੀ ਹੈ ਤਾਂ ਅਸੀਂ ਆਪਣੇ ਲੋਕਾਂ ਦੀ ਸੇਵਾ ਲਈ 24 ਘੰਟੇ ਹਾਜ਼ਰ ਹਾਂ ਅਤੇ ਕਈ ਥਾਵਾਂ 'ਤੇ ਸਾਡੇ ਵਲੰਟੀਅਰਾਂ ਨੇ ਕੋਰੋਨਾ ਮਹਾਮਾਰੀ ਦੌਰਾਨ ਸਿਹਤ ਵਿਭਾਗ ਨੂੰ ਆਪਣੀਆਂ ਸੇਵਾਵਾਂ ਦਿੱਤੀਆਂ ਹਨ।ਭਵਿੱਖ ਵਿੱਚ ਵੀ ਸਿਹਤ ਵਿਭਾਗ ਨੂੰ ਪੂਰਾ ਸਹਿਯੋਗ ਦਿੱਤਾ ਜਾਵੇਗਾ।ਇਸ ਮੌਕੇ ਸਿਵਲ ਸਰਜਨ ਨੇ ਜੈ ਮਿਲਾਪ ਟੀਮ ਦਾ ਧੰਨਵਾਦ ਕੀਤਾ।ਇਸ ਮੌਕੇ ਜ਼ਿਲ੍ਹਾ ਕੈਸ਼ੀਅਰ ਅਨਿਲ ਕੁਮਾਰ, ਮੀਤ ਪ੍ਰਧਾਨ ਹਰਜਿੰਦਰ ਸ਼ਰਮਾ, ਮੁੱਖ ਸਲਾਹਕਾਰ ਜੌਲੀ ਗਿੱਲ, ਲਵਲੀ ਮਦਾਨ, ਯਸ਼ਪਾਲ ਬੱਤਰਾ, ਜੀਵਨ ਜੋਤੀ, ਰਾਜ ਕੁਮਾਰ ਵਰਮਾ, ਸੰਦੀਪ ਕੁਮਾਰ, ਵਜਿੰਦਰ ਕੁਮਾਰ, ਵਿਕਟਰ ਗਿੱਲ, ਕਮਲ ਦੀਪ, ਮਹੇਸ਼ ਕੁਮਾਰ ਆਦਿ ਮੈਂਬਰ ਹਾਜ਼ਰ ਸਨ।

ਰਾਜਾ ਵੜਿੰਗ ਨੇ ਸ਼ਸ਼ੀਪਾਲ ਗਰਗ ਦੀ ਮੌਤ 'ਤੇ ਬੇਟੇ ਤੇ ਭਰਾ ਨਾਲ ਵੰਡਾਇਆ ਦੁੱਖ

ਮੁਕਤਸਰ (ਸ਼ਮਿੰਦਰਪਾਲ, ਪੂਜਾ)-ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਤੇ ਗਿੱਦੜਬਾਹਾ ਦੇ ਵਿਧਾਇਕ ਅਮਰਿੰਦਰ ਸਿੰਘ ਰਾਜਾ ਵੜਿੰਗ ਐਤਵਾਰ ਨੂੰ ਸ੍ਰੀ ਮੁਕਤਸਰ ਸਾਹਿਬ ਪਹੁੰਚੇ। ਇਸ ਮੌਕੇ ਉਨ੍ਹਾਂ ਸ੍ਰੀ ਮੁਕਤਸਰ ਸਾਹਿਬ ਬਲਾਕ ਕਾਂਗਰਸ ਪ੍ਰਧਾਨ ਸੁਸ਼ੀਲ ਕੁਮਾਰ ਹੈਪੀ ਗਰਗ ਦੇ ਭਰਾ ਸ਼ਸ਼ੀਪਾਲ ਗਰਗ ਦੀ ਮੌਤ 'ਤੇ ਉਨ੍ਹਾਂ ਦੇ ਬੇਟੇ ਸਾਗਰ ਗਰਗ ਤੇ ਹੈਪੀ ਗਰਗ ਨਾਲ ਦੁੱਖ ਵੰਡਾਇਆ। ਵਿਧਾਇਕ ਰਾਜਾ ਵੜਿੰਗ ਨੇ ਕਿਹਾ ਕਿ ਗਰਗ ਪਰਵਾਰ ਦੀ ਪਾਰਟੀ ਦੀ ਦੇਣ ਨੂੰ ਕਦੇ ਭੁਲਾਇਆ ਨਹੀਂ ਜਾ ਸਕਦਾ। ਉਨ੍ਹਾ ਸਾਗਰ ਗਰਗ ਤੇ ਹੈਪੀ ਗਰਗ ਸਮੇਤ ਸਮੁੱਚੇ ਪਰਵਾਰਕ ਮੈਂਬਰਾਂ ਨਾਲ ਹਮਦਰਦੀ ਪ੍ਰਗਟਾਈ। ਇਸ ਮੌਕੇ ਆਲ ਇੰਡੀਆ ਕਾਂਗਰਸ ਕਮੇਟੀ ਮੈਂਬਰ ਹਰਚਰਨ ਸਿੰਘ ਬਰਾੜ, ਨਗਰ ਕੌਂਸਲ ਦੇ ਪ੍ਰਧਾਨ ਕ੍ਰਿਸ਼ਨ ਕੁਮਾਰ ਸ਼ੰਮੀ ਤੇਰੀਆ, ਬਲਾਕ ਪ੍ਰਧਾਨ ਦਿਹਾਤੀ ਸ਼ਰਨਜੀਤ ਸੰਧੂ, ਭੀਨਾ ਬਰਾਡ, ਕੌਂਸਲਰ ਰਵੀ ਮੋਰਿਆ, ਬਲਾਕ ਪ੍ਰਧਾਨ ਗਿੱਦੜਬਾਹਾ ਦੀਪਕ ਗਰਗ, ਜੋਤ ਜਵਾਹਰੇਵਾਲਾ, ਗੁਰਦਾਸ ਵਧਾਈ, ਐਡਵੋਕੇਟ ਸੰਜੀਵ ਗੁਪਤਾ, ਰਾਜੇਸ਼ ਗਰਗ, ਵਿਜੇ ਮੇਹੰਦੀਰੱਤਾ, ਬਿੱਟੂ ਗਰਗ, ਹੇਮੰਤ ਗਰਗ ਸਮੇਤ ਹੋਰ ਕਾਂਗਰਸੀ ਆਗੂ ਵੀ ਮੌਜੂਦ ਸਨ।

ਦਾ ਲੈਜੇਂਡਜ਼ ਵੱਲੋਂ ਆਈਲੈਟਸ ਦਾ ਰਿਐਲਟੀ ਟੈਸਟ

ਜਗਰਾਉਂ (ਅਮਿਤ ਖੰਨਾ)-ਦਾ ਲੈਜੇਂਡਜ਼, ਜਗਰਾਉਂ ਜੋ ਕਿ ਪਿਛਲੇ 23 ਸਾਲ ਤੋਂ ਇਲਾਕੇ ਵਿੱਚ ਆਈਲੈਟਸ ਦੀ ਤਿਆਰੀ ਲਈ ਭਰੋਸੇਮੰਦ ਸੰਸਥਾ ਹੈ। ਜਿੱਥੇ ਅੱਜ ਆਈਲੈਟਸ ਦਾ ਰਿਐਲਟੀ ਟੈਸਟ ਬਹੁੱਤ ਵੱਡੇ ਪੱਧਰ 'ਤੇ ਕਰਵਾਇਆ ਗਿਆ ਜਿਸ ਵਿੱਚ ਵੱਖ-ਵੱਖ ਥਾਵਾਂ ਤੋਂ ਆਏ 100 ਤੋਂ ਵੱਧ ਵਿਦਿਆਰਥੀਆਂ ਨੇ ਇੰਨ-ਬਿੰਨ ਉਸੇ ਤਰ੍ਹਾ ਆਈਲੈਟਸ ਦਾ ਟੈਸਟ ਦਿੱਤਾ ਜਿਵੇਂ ਕਿ ਉਹ ਅਸਲੀ ਪੇਪਰ ਦਿੰਦੇ ਹਨ। ਫਰਕ ਸਿਰਫ ਇੰਨਾ ਹੀ ਸੀ ਕਿ ਵਿਦਿਆਰਥੀਆਂ ਨੂੰ ਆਪਣਾ ਲੈਵਲ ਦੇਖਣ ਲਈ 16200 ਜੋ ਕਿ ਆਈਲੈਟਸ ਪੇਪਰ ਦੀ ਫੀਸ ਹੈ, ਨਹੀਂ ਦੇਣੀ ਪਈ। ਉਨ੍ਹਾਂ ਸਾਰੇ ਵਿਦਿਆਰਥੀਆਂ ਨੇ ਬਿਨਾਂ ਕੋਈ ਪੈਸੇ ਖਰਚ ਕੀਤੇ ਬਹੁਤ ਵਧੀਆ ਮਾਹੌਲ ਵਿੱਚ ਬੈਠ ਕੇ ਲਿਸਨਿੰਗ, ਰੀਡਿੰਗ, ਸਪੀਕਿੰਗ, ਰਾਈਟਿੰਗ ਦਾ ਰਿਐਲਟੀ ਪੇਪਰ ਦਿੱਤਾ। ਇਸ ਮੌਕੇ ਆਈ ਡੀ ਪੀ ਤੋਂ ਆਏ ਪ੍ਰਤੀਨਿਧੀ ਮਨਵੀਰ ਸਿੰਘ ਨੇ ਪੂਰਾ ਟਾਇਮ ਬੈਠ ਕੇ ਨਿਰੀਖਣ ਕੀਤਾ। ਮਨਵੀਰ ਸਿੰਘ ਨੇ ਦਾ ਲੈਜੇਂਡਜ਼, ਜਗਰਾਉਂ ਦੀ ਸ਼ਲਾਘਾ ਕਰਦੇ ਹੋਏ ਦੱਸਿਆ ਕਿ ਇਥੋਂ ਦੇ ਸਟਾਫ, ਮਨੈਜਮੈਂਟ ਨੇ ਬਹੁਤ ਹੀ ਸੁਚੱਜੇ ਢੰਗ ਨਾਲ ਟੈਸਟ ਕਰਵਾਇਆ ਅਤੇ ਬਾਅਦ ਵਿੱਚ ਸਾਰੇ ਆਏ ਹੋਏ ਦਾ ਵਿਦਿਆਰਥੀਆਂ ਨੂੰ ਰਿਫਰੈਸ਼ਮੈਂਟ ਤੇ ਗਿਫਟ ਦਿੱਤੇ। ਇਸ ਮੋਕੇ ਡਾਇਰੈਕਟਰ ਮੇਜਰ ਸਿੰਘ ਛੀਨਾ, ਐਮ ਡੀ ਸੁਖਦੀਪ ਕੌਰ ਛੀਨਾ ਨੇ ਆਏ ਹੋਏ ਸਾਰੇ ਵਿਦਿਆਰਥੀਆਂ ਅਤੇ ਆਪਣੇ ਮਿਹਨਤੀ ਸਟਾਫ ਤੇ ਆਈ ਡੀ ਪੀ ਤੋਂ ਆਏ ਪ੍ਰਤੀਨਿਧੀ ਦਾ ਧੰਨਵਾਦ ਕੀਤਾ ਅਤੇ ਨਾਲ ਹੀ ਭਰੋਸਾ ਦਿਵਾਇਆ ਕਿ ਪਿਛਲੇ 23 ਸਾਲਾਂ ਤੋਂ ਆਈਲੈਟਸ ਦੀਆਂ ਸੇਵਾਵਾਂ ਜਿਸ ਸੁਚੱਜੇ ਢੰਗ ਨਾਲ ਚੱਲ ਰਹੀਆਂ ਹਨ, ਉਸੇ ਢੰਗ ਨਾਲ ਅੱਗੇ ਵੀ ਜਾਰੀ ਰਹਿਣਗੀਆਂ। ਇੱਥੇ ਉਨ੍ਹਾਂ ਨੇ ਆਪਣੇ ਸੈਂਟਰ ਵਿੱਚ ਪੀ ਟੀ ਈ ਦੀ ਹਾਈਟੈਕ ਲੈਬ ਹੋਣ ਬਾਰੇ ਵੀ ਜਾਣੂ ਕਰਵਾਇਆ।

ਵਿਵੇਕਾਨੰਦ ਵਰਲਡ ਸਕੂਲ ਨੇ ਸਹਿ-ਵਿੱਦਿਅਕ ਗਤੀਵਿਧੀਆਂ ਤੇ ਖੇਡਾਂ ਨੂੰ ਕੀਤਾ ਸ਼ਾਮਲ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਵਿਵੇਕਾਨੰਦ ਵਰਲਡ ਸਕੂਲ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਡੇ ਬੋਰਡਿੰਗ 'ਚ ਪੜ੍ਹਾਈ ਦੇ ਨਾਲ ਨਾਲ ਸਹਿ-ਵਿੱਦਿਅਕ ਗਤੀਵਿਧੀਆਂ ਅਤੇ ਖੇਡਾਂ ਨੂੰ ਸ਼ਾਮਲ ਕੀਤਾ ਗਿਆ ਹੈ। ਇਸ ਸੰਬੰਧੀ ਵਿਸਥਾਰਪੂਰਵਕ ਜਾਣਕਾਰੀ ਦਿੰਦਿਆਂ ਸਕੂਲ ਦੇ ਡਾਇਰੈਕਟਰ ਡਾ.ਐੱਸ ਐੱਨ ਰੁਦਰਾ ਨੇ ਦੱਸਿਆ ਕਿ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਨੂੰ ਸਮਰਪਤ ਵਿਵੇਕਾਨੰਦ ਵਰਲਡ ਸਕੂਲ ਵੱਲੋਂ ਵਿਦਿਆਰਥੀਆਂ ਲਈ ਡੇਅ ਬੋਰਡਿੰਗ ਪ੍ਰੋਗਰਾਮ 'ਚ ਵਿਦਿਆਰਥੀ ਅਕਾਦਮਿਕ, ਸਹਿ-ਪਾਠਕ੍ਰਮ ਗਤੀਵਿਧੀਆਂ ਅਤੇ ਖੇਡਾਂ ਦੇ ਵੱਖ-ਵੱਖ ਖੇਤਰਾਂ ਵਿੱਚ ਭਾਗ ਲੈ ਸਕਣਗੇ ਜਿਸ ਨਾਲ ਉਨ੍ਹਾਂ ਦੀ ਪ੍ਰਤਿਭਾ ਨੂੰ ਹੋਰ ਵਧੀਆ ਨਿਖਾਰਿਆ ਜਾ ਸਕੇਗਾ।ਡਾ. ਰੁਦਰਾ ਨੇ ਦੱਸਿਆ ਕਿ ਇਸ ਪ੍ਰੋਗਰਾਮ ਵਿੱਚ ਵਿਦਿਆਰਥੀ ਆਪਣੀ ਰੁਚੀ, ਯੋਗਤਾ ਅਤੇ ਇੱਛਾ ਅਨੁਸਾਰ ਸਕੂਲ ਸਮੇਂ ਤੋਂ ਬਾਅਦ ਦੋ ਘੰਟੇ ਵਿੱਦਿਅਕ, ਸਹਿ-ਸਹਾਇਤੀ ਗਤੀਵਿਧੀਆਂ ਜਿਵੇਂ ਕਿ ਆਰਟ ਐਂਡ ਕਰਾਫਟ ਅਤੇ ਵੈਦਿਕ ਗਣਿਤ, ਇੰਸਟਰੂਮੈਂਟਲ ਸੰਗੀਤ, ਵੋਕਲ ਸੰਗੀਤ, ਗਿਟਾਰ, ਡਾਂਸ, ਹੈਂਡਰਾਈਟਿੰਗ ਆਰਟ, ਸ਼ਖਸੀਅਤ ਵਿਕਾਸ ਅਤੇ ਵੱਖ-ਵੱਖ ਖੇਡਾਂ ਜਿਵੇਂ ਕਿ ਕ੍ਰਿਕਟ, ਮਾਰਸ਼ਲ ਆਰਟਸ, ਸਕੇਟਿੰਗ, ਬਾਸਕਟਬਾਲ, ਸ਼ੂਟਿੰਗ, ਟੇਬਲ ਟੈਨਿਸ, ਤਲਵਾਰਬਾਜ਼ੀ, ਕਿੱਕ ਬਾਕਸਿੰਗ ਅਤੇ ਸ਼ਤਰੰਜ ਦੀ ਸਿਖਲਾਈ ਸਕੂਲ ਦੇ ਵਿਹੜੇ ਵਿੱਚ ਮਾਹਰ ਕੋਚਾਂ ਤੋਂ ਲੈ ਸਕਣਗੇ। ਇਹ ਵਿਦਿਆਰਥੀਆਂ ਦੇ ਅਧਿਆਤਮਕ, ਮਾਨਸਿਕ ਅਤੇ ਸਰੀਰਕ ਵਿਕਾਸ ਲਈ ਲਾਭ ਪ੍ਰਦਾਨ ਕਰੇਗਾ।

ਬੀ ਐੱਸ ਐੱਫ ਨੇ ਮਮਦੋਟ ਖੇਤਰ 'ਚੋ 1.5 ਕਿੱਲੋ ਹੈਰੋਇਨ ਕੀਤੀ ਬਰਾਮਦ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਬੀ.ਐੱਸ.ਐਫ ਦੀ 182 ਬਟਾਲੀਅਨ ਦੇ ਜਵਾਨਾਂ ਨੇ ਸਨਿਚਰਵਾਰ ਨੂੰ ਸਤਲੁਜ ਦਰਿਆ ਰਾਹੀਂ ਪਾਕਿ ਤਸਕਰਾਂ ਵੱਲੋਂ ਪਲਾਸਟਿਕ ਦੀਆਂ ਬੋਤਲਾਂ ਵਿਚ ਭਰ ਕੇ ਭੇਜੀ ਗਈ ਹੈਰੋਇਨ ਮਮਦੋਟ ਖੇਤਰ 'ਚੋਂ ਬਰਾਮਦ ਕੀਤੀ ਹੈ। ਇਸ ਸੰਬੰਧੀ ਬੀ.ਐੱਸ.ਐਫ ਅਧਿਕਾਰੀਆਂ ਨੇ ਜਾਣਕਾਰੀ ਦਿੱਤੀ ਕਿ ਸਨਿਚਰਵਾਰ ਨੂੰ 182 ਬਟਾਲੀਅਨ ਦੇ ਜਵਾਨ ਸਰਹੱਦੀ ਜੋਗਿੰਦਰ ਚੌਕੀ ਦੇ ਖੇਤਰ ਵਿਚ ਨਿਕਲਦੀ ਸਤਲੁਜ ਦਰਿਆ ਨੇੜੇ ਗਸ਼ਤ ਕਰ ਰਹੇ ਸਨ। ਇਸ ਦੌਰਾਨ ਜਵਾਨਾਂ ਨੇ ਪਾਕਿਸਤਾਨ ਵਾਲੇ ਪਾਸੇ ਤੋਂ ਸਤਲੁਜ ਦਰਿਆ 'ਚ ਕੋਈ ਵਸਤੂ ਵਹਿ ਕੇ ਆਉਂਦੀ ਦੇਖੀ ਤਾਂ ਜਵਾਨਾਂ ਨੇ ਤੁਰੰਤ ਉਕਤ ਵਸਤੂ ਨੂੰ ਦਰਿਆ ਦੇ ਪਾਣੀ 'ਚੋਂ ਬਾਹਰ ਕੱਢਿਆ ਤਾਂ ਨੀਲੇ ਰੰਗ ਦੇ ਲਿਫ਼ਾਫ਼ੇ ਵਿਚ ਲਪੇਟੀਆਂ ਹੋਈਆਂ ਦੋ ਬੋਤਲਾਂ ਮਿਲੀਆਂ, ਜਿਨ੍ਹਾਂ ਨੂੰ ਖੋਲ੍ਹਣ 'ਤੇ ਉਸ ਵਿਚੋਂ ਹੈਰੋਇਨ ਬਰਾਮਦ ਹੋਈ, ਜਿਸ ਦਾ ਵਜ਼ਨ ਡੇਢ ਕਿੱਲੋ ਦੱਸਿਆ ਗਿਆ ਹੈ। ਬੀ.ਐੱਸ.ਐਫ ਵਲੋਂ ਉਕਤ ਹੈਰੋਇਨ ਦੀ ਖੇਪ ਨਾਲ ਸੰਬੰਧਤ ਭਾਰਤੀ ਤਸਕਰ ਦੀ ਭਾਲ ਕੀਤੀ ਜਾ ਰਹੀ ਹੈ।

ਹੁੰਮਸ ਭਰੀ ਗਰਮੀ ਕਾਰਨ ਮੰਡੀ 'ਚ ਛਾਇਆ ਸੰਨਾਟਾ

ਤਪਾ ਮੰਡੀ (ਅਰੁਣ ਗੋਇਲ)

ਵਪਾਰਕ ਜੰਥੇਬੰਦੀਆਂ ਵੱਲੋਂ ਲਏ ਗਏ ਫੈਸਲੇ 'ਤੇ ਅੱਜ ਮਹੀਨੇ ਦੇ ਪਹਿਲੇ ਐਤਵਾਰ ਕਰਿਆਨਾ, ਕੱਪੜਾ, ਜਵੈਲਰਜ਼, ਰੈਡੀਮੇਡ, ਬਸਾਤੀ ਆਦਿ ਦੀਆਂ ਦੁਕਾਨਾਂ ਬੰਦ ਰਹੀਆਂ। ਮੰਡੀ 'ਚ ਧੁੱਪ ਅਤੇ ਹੁੰਮਸ ਭਰੀ ਗਰਮੀ ਕਾਰਨ ਸੰਨਾਟਾ ਛਾਇਆ ਰਿਹਾ। ਬੰਦ ਕਾਰਨ ਜ਼ਿਆਦਾਤਰ ਦੁਕਾਨਦਾਰ ਵੱਡੇ ਸ਼ਹਿਰਾਂ 'ਚੋਂ ਖਰੀਦਦਾਰੀ ਕਰਨ ਚਲੇ ਗਏ ਜਾਂ ਫਿਰ ਰਿਸ਼ਤੇਦਾਰੀ 'ਚ ਮਿਲਣ ਲਈ ਚਲੇ ਗਏ। ਅੱਜ ਬੇਕਰੀ, ਫਲ-ਫਰੂਟ, ਮੈਡੀਕਲ, ਡਾਕਟਰਜ, ਆੜ੍ਹਤੀਆਂ ਆਦਿ ਦੀਆਂ ਦੁਕਾਨਾਂ ਖੁੱਲ੍ਹੀਆਂ ਦੇਖੀਆਂ ਗਈਆਂ ਪਰ ਮੰਡੀ 'ਚ ਗ੍ਰਾਹਕ ਨਾ ਆਉਣ ਕਾਰਨ ਦੁਕਾਨਦਾਰ ਤਾਸ਼ ਖੇਡ ਕੇ ਆਨੰਦ ਮਾਣ ਰਹੇ ਸਨ। ਕੁਝ ਦੁਕਾਨਦਾਰਾਂ ਨਾਲ ਗੱਲਬਾਤ ਕਰਨ 'ਤੇ ਦੱਸਿਆ ਕਿ ਉਨ੍ਹਾਂ ਦਾ ਜਥੇਬੰਦੀ ਨੂੰ ਸੁਝਾਅ ਹੈ ਕਿ ਮਹੀਨੇ ਦਾ ਪਹਿਲਾ ਤੇ ਤੀਸਰਾ ਐਤਵਾਰ ਬੰਦ ਹੋਣਾ ਚਾਹੀਦਾ ਹੈ ਕਿਉਂਕਿ ਉਂਝ ਤਾਂ ਸਮਾਂ ਨਹੀਂ ਮਿਲਦਾ ਇਸ ਤਰ੍ਹਾਂ ਨਾਲ ਧਾਰਮਕ ਸਥਾਨਾਂ 'ਤੇ ਵੀ ਯਾਤਰਾ ਕਰਨ ਦਾ ਸਮਾਂ ਨਿਕਲ ਸਕਦਾ ਹੈ।

8736 ਕੱਚੇ ਮੁਲਾਜ਼ਮਾਂ 'ਤੇ ਕੀਤੇ ਲਾਠੀਚਾਰਜ ਨਾਲ ਸਰਕਾਰ ਦਾ ਅਸਲ ਚਿਹਰਾ ਬੇਨਕਾਬ

ਸੰਗਰੂਰ (ਪ੍ਰਵੀਨ ਸਿੰਘ)

ਪੰਜਾਬ ਸਰਕਾਰ ਵੱਲੋਂ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨਾਲ ਭਾਰੀ ਬੇਨਇਨਸਾਫ਼ੀ ਅਤੇ ਧੱਕੇਸ਼ਾਹੀ ਕੀਤੀ ਜਾ ਰਹੀ ਹੈ ਜੋ ਕਿ ਸੂਬੇ ਦੇ ਮੁਲਾਜ਼ਮ ਅਤੇ ਪੈਨਸ਼ਨਰ ਕਦੇ ਬਰਦਾਸ਼ਤ ਨਹੀਂ ਕਰਨਗੇ। ਪੈਨਸ਼ਨਰ ਵੈਲਫੇਅਰ ਐਸੋਸੀਏਸ਼ਨ ਦੇ ਜ਼ਿਲ੍ਹਾ ਪ੍ਰਧਾਨ ਅਤੇ ਪੰਜਾਬ ਸਟੇਟ ਪੈਨਸ਼ਨਰਜ਼ ਕਨਫੈਡਰੇਸ਼ਨ ਦੇ ਸੂਬਾਈ ਸੀਨੀਅਰ ਮੀਤ ਪ੍ਰਧਾਨ/ਸੂਬਾਈ ਮੁੱਖ ਬੁਲਾਰੇ ਰਾਜ ਕੁਮਾਰ ਅਰੋੜਾ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਪੰਜਾਬ ਸਰਕਾਰ ਜੋ ਕਿ ਬਦਲਾਅ ਦੇ ਨਾਂ 'ਤੇ ਸੱਤਾ ਵਿੱਚ ਆਈ ਅਤੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੇ ਇਸ ਲਈ ਆਪ ਸਰਕਾਰ ਨੂੰ ਵੱਧ ਤੋਂ ਵੱਧ ਵੋਟਾਂ ਪਾ ਕੇ ਅਤੇ ਸਹਿਯੋਗ ਦੇ ਕੇ ਸੱਤਾ ਵਿੱਚ ਲਿਆਂਦਾ ਪ੍ਰੰਤੂ ਇਸ ਸਰਕਾਰ ਦਾ ਅਸਲ ਚਿਹਰਾ ਉਸ ਵੇਲੇ ਬੇਨਕਾਬ ਹੋ ਗਿਆ, ਜਦੋਂ ਆਪਣੀਆਂ ਜਾਇਜ਼ ਅਤੇ ਹੱਕੀ ਮੰਗਾਂ ਮਨਵਾਉਣ ਲਈ ਇਨਸਾਫ਼ ਦੀ ਮੰਗ ਕਰ ਰਹੇ 8736 ਕੱਚੇ ਮੁਲਾਜ਼ਮਾਂ 'ਤੇ ਬੁਰੀ ਤਰ੍ਹਾਂ ਨਾਲ ਲਾਠੀਚਾਰਜ ਕਰਕੇ ਤਸ਼ੱਦਦ ਢਾਹਿਆ। ਇਨ੍ਹਾਂ ਵਿੱਚ ਇਸਤਰੀ ਮੁਲਾਜਮਾਂ ਨੂੰ ਵੀ ਨਹੀਂ ਬਖ਼ਸਿਆ ਗਿਆ। ਇਸੇ ਦੌਰਾਨ

ਕਨਫੈਡਰੇਸ਼ਨ ਦੇ ਸੂਬਾ ਪ੍ਰਧਾਨ ਕਰਮ ਸਿੰਘ ਧਨੋਆ (ਮੋਹਾਲੀ), ਜਨਰਲ ਸਕੱਤਰ ਕੁਲਵਰਨ ਸਿੰਘ (ਹੁਸ਼ਿਆਰਪੁਰ), ਵਿੱਤ ਸਕੱਤਰ ਪ੍ਰੇਮ ਅਗਰਵਾਲ (ਸੁਨਾਮ), ਸੂਬਾ ਪ੍ਰੈਸ ਸਕੱਤਰ (ਬਲਵੀਰ ਸਿੰਘ ਸੈਣੀ) ਸੂਬਾ ਸੰਯੁਕਤ ਸਕੱਤਰ ਅਤੇ ਜ਼ਿਲ੍ਹਾ ਜਨਰਲ ਸਕੱਤਰ ਆਰ.ਐਲ.ਪਾਂਧੀ, ਸੂਬਾਈ ਮੈਂਬਰ ਅਤੇ ਸੰਗਰੂਰ ਯੂਨਿਟ ਦੇ ਜਨਰਲ ਸਕੱਤਰ ਭੁਪਿੰਦਰ ਸਿੰਘ ਜੱਸੀ, ਸੰਗਰੂਰ ਯੂਨਿਟ ਦੇ ਪ੍ਰਧਾਨ ਜੀਤ ਸਿੰਘ ਢੀਂਡਸਾ, ਚੇਅਰਮੈਨ ਜਗਜੀਤ ਇੰਦਰ ਸਿੰਘ ਨੇ ਵੀ ਪੰਜਾਬ ਸਰਕਾਰ ਵੱਲੋਂ ਕੀਤੇ ਜਾ ਰਹੇ ਮੁਲਾਜ਼ਮ ਅਤੇ ਪੈਨਸ਼ਨਰ ਮਾਰੂ ਫ਼ੈਸਲਿਆਂ ਅਤੇ ਕੀਤੇ ਜਾ ਰਹੇ ਤਸ਼ੱਦਦ ਦੀ ਨਿਖੇਧੀ ਕਰਦਿਆਂ ਮੰਗ ਕੀਤੀ ਕਿ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਮੰਗਾਂ ਤੁਰੰਤ ਪੂਰੀਆਂ ਕੀਤੀਆਂ ਜਾਣ ਅਤੇ 200/- ਰੁਪਏ ਪ੍ਰਤੀ ਮਹੀਨਾ ਜੋ ਜਜ਼ੀਆ ਟੈਕਸ ਪੈਨਸ਼ਰਾਂ ਉੱਪਰ ਲਗਾਇਆ ਗਿਆ ਹੈ ਉਹ ਤੁਰੰਤ ਵਾਪਸ ਲਿਆ ਜਾਵੇ। ਪੈਨਸ਼ਨਰਾਂ ਤੇ 2.59 ਦੇ ਗੁਣਾਂਕ ਲਾਗੂ ਕੀ

3-July-Page-3.qxd 7/2/2023 8:52 PM Page 1

ਮਹਾਨ ਸ਼ਹੀਦਾਂ ਤੇ ਸੂਰਬੀਰਾਂ ਨੂੰ ਯਾਦ ਰੱਖਣਾ ਸਾਡਾ ਨੈਤਿਕ ਫ਼ਰਜ਼ : ਬ੍ਰਮ ਸ਼ੰਕਰ ਜਿੰਪਾ

ਗੁਰਦਾਸਪੁਰ (ਜਨਕ ਮਹਾਜਨ)-ਛੋਟੇ ਘੱਲੂਘਾਰੇ ਵਿਚ ਸ਼ਹੀਦ ਹੋਏ ਕਰੀਬ 11 ਹਜ਼ਾਰ ਸਿੰਘ-ਸਿੰਘਣੀਆਂ ਅਤੇ ਬੱਚਿਆਂ ਦੀ ਸ਼ਹੀਦੀ ਨੂੰ ਸਮਰਪਿਤ ਜ਼ਿਲ੍ਹਾ ਹੈਰੀਟੇਜ ਸੁਸਾਇਟੀ ਗੁਰਦਾਸਪੁਰ ਵੱਲੋਂ ਵਿਸ਼ੇਸ਼ ਸ਼ਹੀਦੀ ਸਮਾਗਮ ਅੱਜ ਛੋਟਾ ਘੱਲੂਘਾਰਾ ਸ਼ਹੀਦੀ ਸਮਾਰਕ ਕਾਹਨੂੰਵਾਨ ਛੰਭ ਵਿਖੇ ਕਰਵਾਇਆ ਗਿਆ। ਇਸ ਸ਼ਹੀਦੀ ਸਮਾਗਮ ਵਿੱਚ ਸ੍ਰੀ ਬ੍ਰਮ ਸ਼ੰਕਰ ਜਿੰਪਾ, ਕੈਬਨਿਟ ਮੰਤਰੀ, ਮਾਲ, ਮੁੜ ਵਸੇਬਾ ਅਤੇ ਆਫ਼ਤ ਪ੍ਰਬੰਧਨ, ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਪੰਜਾਬ ਵੱਲੋਂ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰਦਿਆਂ ਸ਼ਹੀਦਾਂ ਨੂੰ ਸਿਜਦਾ ਕੀਤਾ ਗਿਆ। ਸ਼ਹੀਦੀ ਸਮਾਗਮ ਦੌਰਾਨ ਛੋਟਾ ਘੱਲੂਘਾਰਾ ਦੇ ਸ਼ਹੀਦਾਂ ਨੂੰ ਸਮਰਪਿਤ ਸ੍ਰੀ ਸੁਖਮਨੀ ਸਾਹਿਬ ਦਾ ਜਾਪ ਕੀਤਾ ਗਿਆ ਅਤੇ ਭੋਗ ਉਪਰੰਤ ਰਾਗੀ ਜਥੇ ਵੱਲੋਂ ਇਲਾਹੀ ਬਾਣੀ ਦਾ ਕੀਰਤਨ ਕੀਤਾ ਗਿਆ। ਇਸ ਮੌਕੇ ਛੋਟਾ ਘੱਲੂਘਾਰਾ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕੈਬਨਿਟ ਮੰਤਰੀ ਬ੍ਰਮ ਸ਼ੰਕਰ ਜਿੰਪਾ ਨੇ ਕਿਹਾ ਕਿ 18ਵੀਂ ਸਦੀ ਦੇ ਕੁਰਬਾਨੀਆਂ ਭਰੇ ਸਿੱਖ ਇਤਿਹਾਸ ਉੱਪਰ ਸਾਨੂੰ ਹਮੇਸ਼ਾ ਮਾਣ ਰਹੇਗਾ। ਉਨ੍ਹਾਂ ਕਿਹਾ ਕਿ ਬਹਾਦਰ ਸੂਰਬੀਰਾਂ ਨੇ ਧਰਮ ਹਿੱਤ ਆਪਣੇ ਆਪ ਨੂੰ ਨਿਛਾਵਰ ਤਾਂ ਕਰ ਦਿੱਤਾ ਪਰ ਉਨ੍ਹਾਂ ਨੇ ਜ਼ਾਲਮ ਮੁਗਲ ਹਕੂਮਤ ਦੀ ਈਨ ਬਿਲਕੁਲ ਨਾ ਮੰਨੀ। ਇਸ ਮੌਕੇ ਕੈਬਨਿਟ ਮੰਤਰੀ ਸ਼੍ਰੀ ਜਿੰਪਾ ਨੇ ਆਪਣੇ ਅਖਤਿਆਰੀ ਕੋਟੇ ਵਿਚੋਂ 5 ਲੱਖ ਰੁਪਏ ਦੀ ਗ੍ਰਾਂਟ ਛੋਟਾ ਘੱਲੂਘਾਰਾ ਸਮਾਰਕ ਨੂੰ ਦੇਣ ਦਾ ਐਲਾਨ ਵੀ ਕੀਤਾ। ਇਸ ਤੋਂ ਬਾਅਦ ਕੈਬਨਿਟ ਮੰਤਰੀ ਸ਼੍ਰੀ ਬ੍ਰਮ ਸ਼ੰਕਰ ਜਿੰਪਾ ਅਤੇ ਹੋਰ ਪ੍ਰਮੁੱਖ ਸਖਸ਼ੀਅਤਾਂ ਨੇ ਘੱਲੂਘਾਰਾ ਦੇ ਸ਼ਹੀਦਾਂ ਨੂੰ ਸਮਰਪਿਤ ਮਿਊਜ਼ੀਅਮ ਦੀ ਸ਼ਹੀਦੀ ਗੈਲਰੀ, ਫ਼ਤਿਹ ਬੁਰਜ ਅਤੇ ਲਾਇਬ੍ਰੇਰੀ ਦੇ ਦਰਸ਼ਨ ਵੀ ਕੀਤੇ। ਇਸ ਮੌਕੇ ਉਨ੍ਹਾਂ ਨੇ ਛੋਟੇ ਘੱਲੂਘਾਰੇ ਉੱਪਰ ਬਣੀ ਦਸਤਾਵੇਜੀ ਫਿਲਮ ਵੀ ਦੇਖੀ। ਇਸ ਮੌਕੇ ਇਸ ਮੌਕੇ ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਜਗਰੂਪ ਸਿੰਘ ਸੇਖਵਾਂ, ਚੇਅਰਮੈਨ ਰਮਨ

ਬਹਿਲ, ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ, ਐਸਐਸਪੀ ਗੁਰਦਾਸਪੁਰ ਹਰੀਸ਼ ਦਾਯਮਾ, ਜ਼ਿਲ੍ਹਾ ਹੈਰੀਟੇਜ ਸੁਸਾਇਟੀ ਦੇ ਜਨਰਲ ਸਕੱਤਰ ਅਤੇ ਸਾਬਕਾ ਏਡੀਸੀ ਤਜਿੰਦਰਪਾਲ ਸਿੰਘ ਸੰਧੂ, ਐਸਡੀਐਮ ਅਮਨਦੀਪ ਕੌਰ ਘੁੰਮਣ, ਐਸਪੀ ਪ੍ਰਿਥੀਪਾਲ ਸਿੰਘ, ਤਹਿਸੀਲਦਾਰ ਜਗਤਾਰ ਸਿੰਘ, ਉੱਘੇ ਜਨਤਕ ਆਗੂ ਗੁਰਦਪੀ ਸਿੰਘ, ਮੁੱਖ ਖੇਤੀਬਾੜੀ ਅਫ਼ਸਰ ਕ੍ਰਿਪਾਲ ਸਿੰਘ ਢਿਲੋਂ, ਡਿਪਟੀ ਡਾਇਰੈਕਟਰ ਡਾ. ਸ਼ਾਮ ਸਿੰਘ, ਐਕਸੀਅਨ ਜਤਿੰਦਰ ਮੋਹਨ, ਨਾਇਬ ਤਹਿਸੀਲਦਾਰ ਸੁਖਵਿੰਦਰ ਸਿੰਘ, ਸਾਬਕਾ ਪ੍ਰੋਫੈਸਰ ਰਾਜ ਕੁਮਾਰ ਸ਼ਰਮਾ, ਸਕੱਤਰ, ਜ਼ਿਲ੍ਹਾ ਹੈਰੀਟੇਜ ਸੁਸਾਇਟੀ ਗੁਰਦਾਸਪੁਰ, ਐਕਸੀਅਨ ਬਲਦੇਵ ਸਿੰਘ, ਐਸਡੀਓ ਨਿਰਮਲ ਸਿੰਘ, ਲਵਜੀਤ ਸਿੰਘ, ਜ਼ਿਲ੍ਹਾ ਭੂਮੀ ਰੱਖਿਆ ਅਫ਼ਸਰ ਹਰਚਰਨ ਸਿੰਘ ਕੰਗ, ਹਰਮਨਪ੍ਰੀਤ ਸਿੰਘ, ਗਾਇਡ ਦਮਨਜੀਤ ਸਿੰਘ, ਆਪ ਆਗੂ ਪਰਮਜੀਤ ਸਿੰਘ ਸੋਹਲ, ਹਰਜੀਤ ਸਿੰਘ ਟਿੱਕਾ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਇਲਾਕੇ ਦੀ ਸੰਗਤ ਹਾਜ਼ਰ ਸੀ।

ਨਰਿੰਦਰ ਅਲਗੋਂ ਨੂੰ ਧਮਕਾਉਣ ਵਾਲੇ ਗ੍ਰਿਫ਼ਤਾਰ ਨਾ ਕੀਤੇ ਤਾਂ ਡੀ ਐੱਸ ਪੀ ਦਾ ਘਿਰਾਓ ਹੋਵੇਗਾ : ਮਾੜੀਮੇਘਾ

ਭਿੱਖੀਵਿੰਡ(ਨਜ਼ਸ)—ਭਿੱਖੀਵਿੰਡ ਬਲਾਕ ਦੀ ਟਰੇਡ ਯੂਨੀਅਨ ਏਟਕ ਦੀ ਮੀਟਿੰਗ ਚੇਲਾ ਮੋੜ ਭਿੱਖੀਵਿੰਡ ਵਿਖੇ ਸੁਖਦੇਵ ਸਿੰਘ ਕਾਲਾ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਏਟਕ ਦੇ ਜ਼ਿਲ੍ਹਾ ਆਗੂ ਪੂਰਨ ਸਿੰਘ ਮਾੜੀਮੇਘਾ, ਬਲਦੇਵ ਰਾਜ, ਸਰਬ ਭਾਰਤ ਨੌਜਵਾਨ ਸਭਾ ਦੇ ਆਗੂ ਰਸਾਲ ਸਿੰਘ ਪਹੂਵਿੰਡ, ਜਸਪਾਲ ਸਿੰਘ ਭਿੱਖੀਵਿੰਡ ਤੇ ਪੰਜਾਬ ਕਿਸਾਨ ਸਭਾ ਦੇ ਆਗੂ ਨਰਿੰਦਰ ਸਿੰਘ ਅਲਗੋਂ ਹਾਜ਼ਰ ਸਨ। ਮੀਟਿੰਗ ਨੂੰ ਸੰਬੋਧਨ ਕਰਦਿਆਂ ਸੀਪੀਆਈ ਦੇ ਕੌਮੀ ਕੌਂਸਲ ਮੈਂਬਰ ਪਿਰਥੀਪਾਲ ਸਿੰਘ ਮਾੜੀਮੇਘਾ ਨੇ ਕਿਹਾ ਕਿ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਏਟਕ ਦੇ ਜ਼ਿਲ੍ਹਾ ਪ੍ਰਧਾਨ ਨਰਿੰਦਰ ਸਿੰਘ ਅਲਗੋਂ ਨੂੰ ਧਮਕਾਉਣ ਤੇ ਖਰੜ ਵਿਖੇ ਝੂਠਾ ਪਰਚਾ ਦਰਜ ਕਰਨ ਵਾਲਿਆਂ ਖਿਲਾਫ ਪੁਲਸ ਨੇ ਕੋਈ ਕਾਰਵਾਈ ਨਾ ਕੀਤੀ ਤਾਂ ਜਲਦੀ ਹੀ ਅਲਗੋਂ ਕੋਠੀ ਵਿਖੇ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ। ਮਾੜੀਮੇਘਾ ਨੇ ਕਿਹਾ ਕਿ ਬੜੀ ਹੈਰਾਨੀ ਹੈ ਕਿ ਇੰਨਾ ਕੁਝ ਵਾਪਰਨ ਤੋਂ ਬਾਅਦ ਵੀ ਪੁਲਸ ਚੁੱਪ ਕਰਕੇ ਬੈਠੀ ਹੈ। ਪੁਲਸ ਉਨ੍ਹਾਂ ਗੁੰਡਿਆਂ ਨੂੰ ਫੜ ਹੀ ਨਹੀਂ ਰਹੀ। ਹਨੇਰੇ ਦਾ ਸਮਾਂ ਸੀ ਤੇ ਨਰਿੰਦਰ ਸਿੰਘ ਨੂੰ ਇੱਕ ਅੱਖ ਤੋਂ ਬਿਲਕੁਲ ਨਹੀਂ ਦਿੱਸਦਾ ਤੇ ਦੂਜੀ ਤੋਂ ਵੀ ਬਹੁਤ ਘੱਟ ਨਜ਼ਰ ਆਉਂਦਾ ਹੈ। ਇਸ ਕਰਕੇ ਉਹ ਗੁੰਡਿਆਂ ਨੂੰ ਪਹਿਚਾਣ ਵੀ ਨਹੀਂ ਸਕਿਆ ਤੇ ਨਾ ਹੀ ਗੱਡੀ ਦਾ ਨੰਬਰ ਪੜ੍ਹਿਆ ਗਿਆ। ਜੇ ਇਨ੍ਹਾਂ ਗੁੰਡਿਆਂ ਨੂੰ ਨੱਥ ਨਾ ਪਾਈ ਤਾਂ ਉਹ ਨਰਿੰਦਰ ਸਿੰਘ ਨੂੰ ਹੋਰ ਨੁਕਸਾਨ ਪਹੁੰਚਾ ਸਕਦੇ ਹਨ। ਖਰੜ ਜਿਸ ਨੇ ਝੂਠਾ ਕੇਸ ਦਰਜ ਕਰਾਇਆ ਉਸ ਦਾ ਤਾਂ ਐਡਰੈੱਸ ਹੈਗਾ, ਜੇ ਉਸ ਨੂੰ ਰੈਸਟ ਕਰ ਲਿਆ ਜਾਵੇ ਤਾਂ ਸਾਰਾ ਸੱਚ ਸਾਹਮਣੇ ਆ ਜਾਵੇਗਾ। ਮੀਟਿੰਗ ਵਿੱਚ ਟਹਿਲ ਸਿੰਘ ਲੱਧੂ ਤੇ ਰਛਪਾਲ ਸਿੰਘ ਬਾਠ ਵੀ ਹਾਜ਼ਰ ਸਨ।

ਧਰਮੀ ਫੌਜੀਆਂ ਦਾ ਵਫਦ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਮਿਲਿਆ

ਧਾਰੀਵਾਲ, (ਮਨਦੀਪ ਸਿੰਘ ਵਿੱਕੀ)-ਸਮੂਹ ਸਿੱਖ ਧਰਮੀ ਫੌਜੀ ਜੂਨ 1984 ਪਰਿਵਾਰ ਵੈਲਫੇਅਰ ਐਸੋਸੀਏਸ਼ਨ ਦਾ ਇਕ ਵਫਦ ਕੌਮੀ ਪ੍ਰਧਾਨ ਬਲਦੇਵ ਸਿੰਘ ਗੁਰਦਾਸਪੁਰ ਦੀ ਅਗਵਾਈ ਹੇਠ ਸ੍ਰੀ ਅਕਾਲ ਤੱਖਤ ਸਾਹਿਬ ਦੇ ਜੱਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਮਿਲਿਆ। ਇਸ ਮੌਕੇ ਜੱਥੇਦਾਰ ਗਿਆਨੀ ਰਘਬੀਰ ਸਿੰਘ ਨਾਲ ਧਰਮੀ ਫੌਜੀਆਂ ਦੀਆਂ ਸਦਭਾਵਨਾ ਵਾਲੇ ਮਹੌਲ ਵਿੱਚ ਖੁੱਲ੍ਹ ਕੇ ਵਿਚਾਰਾਂ ਹੋਈਆਂ। ਇਸ ਸਬੰਧੀ ਜਾਣਕਾਰੀ ਦਿੰਦਿਆਂ ਐਸੋਸੀਏਸ਼ਨ ਦੇ ਪ੍ਰਧਾਨ ਬਲਦੇਵ ਸਿੰਘ ਗੁਰਦਾਸਪੁਰ ਨੇ ਕਿਹਾ ਕਿ ਧਰਮੀ ਫੌਜੀਆਂ ਨੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਦੱਸਿਆ ਕਿ ਜੂਨ 1984 ਦੌਰਾਨ ਸ੍ਰੀ ਅਕਾਲ ਤੱਖਤ ਸਾਹਿਬ ਤੇ ਹੋਏ ਹਮਲੇ ਦੇ ਰੋਸ ਵੱਜੋਂ ਸਿੱਖ ਧਰਮੀਂ ਫੌਜੀਆਂ ਨੇ ਸ੍ਰੀ ਅਕਾਲ ਤੱਖਤ ਸਾਹਿਬ ਨੂੰ ਫੌਜ ਤੋਂ ਮੁਕਤ ਕਰਵਾਉਣ ਲਈ ਬੈਰਕਾਂ ਛੱਡੀਆਂ, ਨਾ ਕਿ ਪੈਨਸ਼ਨਾਂ ਜਾਂ ਹੋਰ ਕੋਈ ਲਾਹਾ ਲੈਣ ਲਈ। ਉਨ੍ਹਾਂ ਨੇ ਕਿਹਾ ਕਿ 10 ਨਵੰਬਰ 2014 ਦੇ ਮੰਗ ਪੱਤਰ ਮੁਤਾਬਿਕ ਲਟਕਦੀਆਂ ਮੰਗਾਂ ਜਿਵੇਂ ਕਿ ਸ਼ਹੀਦ ਸਿੱਖ ਧਰਮੀ ਫੌਜੀਆਂ ਦੀਆਂ ਫੋਟੋਆਂ ਸਿੱਖ ਅਜਾਇਬ ਘਰ ਵਿੱਚ ਲਗਾਈਆਂ ਜਾਣ, ਜ਼ਖਮੀ ਧਰਮੀ ਫੌਜੀਆਂ ਨੂੰ ਜ਼ਿੰਦਾ ਸ਼ਹੀਦ ਐਲਾਨਿਆ ਜਾਵੇ ਅਤੇ ਧਰਮੀ ਫੌਜੀਆਂ ਦੀਆਂ ਕੁਰਬਾਨੀਆਂ ਨੂੰ ਮਾਨਤਾ ਦੇਣ ਆਦਿ ਨੂੰ ਲਾਗੂ ਕੀਤਾ ਜਾਵੇ। ਉਨ੍ਹਾਂ ਦੱਸਿਆ ਕਿ ਉਨ੍ਹਾਂ ਨੇ ਫੌਜ ਵਿੱਚ ਭਰਤੀ ਹੋਣ ਸਮੇਂ ਦੇਸ਼ ਦੀ ਰੱਖਿਆ ਲਈ ਧਰਮ ਦੀ ਸਹੁੰ ਚੁੱਕੀ ਸੀ, ਜਦਕਿ ਧਰਮ 'ਤੇ ਖਤਰੇ ਦੇ ਬੱਦਲ ਛਾ ਜਾਣ ਕਰਕੇ ਸ਼ਹੀਦੀਆਂ ਦੇਣ ਲਈ ਬੈਰਕਾਂ ਛੱਡ ਕੇ ਸ੍ਰੀ ਅਮ੍ਰਿਤਸਰ ਵੱਲ ਚਾਲੇ ਪਾਏ ਸਨ। ਧਰਮੀ ਫੌਜੀ ਨੇ ਅੱਗੇ ਦੱਸਿਆ ਕਿ ਜਦ ਕੋਈ ਧਰਮੀ ਫੌਜੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਫਤਰ ਜਾਂਦਾ ਹੈ ਤਾਂ ਉਸਨੂੰ ਸਵਾਲ ਕਰਕੇ ਜਲੀਲ ਕੀਤਾ ਜਾਂਦਾ ਹੈ ਕਿ ਉਹ ਪੈਨਸ਼ਨ ਲੈ ਰਿਹਾ ਹੈ ਅਤੇ ਧਰਮੀ ਫੌਜੀ ਮੰਨਣ ਤੋਂ ਮਨਾ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦਫਤਰ ਸਟਾਫ ਨੂੰ ਹਦਾਇਤ ਕੀਤੀ ਜਾਵੇ ਕਿ ਧਰਮੀ ਫੌਜੀਆਂ ਦਾ ਮਾਣ-ਸਤਿਕਾਰ ਮਰਯਾਦਾ ਅਨੁਸਾਰ ਕੀਤਾ ਜਾਵੇ, ਤਾਂ ਜੋ ਸਿੱਖ ਨੌਜਵਾਨਾਂ ਅੰਦਰ ਕੁਰਬਾਨੀ ਦੇਣ ਦਾ ਜਜ਼ਬਾ ਕਾਇਮ ਰਹੇ। ਧਰਮੀ ਫੌਜੀਆਂ ਨੇ ਸ੍ਰੀ ਅਕਾਲ ਤੱਖਤ ਸਾਹਿਬ ਦੇ ਜੱਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਅਪੀਲ ਕੀਤੀ ਕਿ 23-8-2021 ਦੇ ਅੰਤ੍ਰਿੰਗ ਕਮੇਟੀ ਦੇ ਫੈਸਲੇ ਨੂੰ ਰੱਦ ਰੱਦ ਕਰਕੇ ਬੈਰਕਾਂ ਛੱਡਣ ਵਾਲੇ ਸਾਰੇ ਸਿੱਖ ਫੌਜੀਆਂ ਨੂੰ ਧਰਮੀ ਫੌਜੀਆਂ ਦਾ ਦਰਜਾ ਦਿੱਤਾ ਜਾਵੇ। ਇਸ ਮੌਕੇ ਐਸ਼ੋਸੀਏਸ਼ਨ ਦੇ ਕੌਮੇ ਪ੍ਰਧਾਨ ਬਲਦੇਵ ਸਿੰਘ ਗੁਰਦਾਸਪੁਰ ਦੇ ਨਾਲ ਜ਼ਿਲ੍ਹਾ ਗੁਰਦਾਸਪੁਰ ਦੇ ਪ੍ਰਧਾਨ ਸਵਿੰਦਰ ਸਿੰਘ ਸੋਹੀ, ਜ਼ਿਲ੍ਹਾ ਅੰਮ੍ਰਿਤਸਰ ਦੇ ਪ੍ਰਧਾਨ ਗੁਲਜ਼ਾਰ ਸਿੰਘ, ਸਰਵਨ ਸਿੰਘ ਸੋਹਲ, ਜੁਝਾਰ ਸਿੰਘ, ਸੁਰੈਣ ਸਿੰਘ, ਜੋਗਾ ਸਿੰਘ, ਕੇਹਰ ਸਿੰਘ, ਕੁਲਵੰਤ ਸਿੰਘ, ਗੁਰਬਚਨ ਸਿੰਘ, ਸਵਿੰਦਰ ਸਿੰਘ, ਰਾਮ ਸਿੰਘ ਆਦਿ ਧਰਮੀ ਫੌਜੀ ਹਾਜ਼ਰ ਸਨ।

ਪਿੰਡ ਭੈਣੀ ਬਾਂਗਰ 'ਚ ਐਂਟੀ ਮਲੇਰੀਆ ਜਾਗਰੂਕਤਾ ਕੈਂਪ ਲਗਾਇਆ

ਧਾਰੀਵਾਲ/ਕਾਹਨੂੰਵਾਨ, (ਮਨਦੀਪ ਸਿੰਘ ਵਿੱਕੀ)-ਸਿਵਲ ਸਰਜਨ ਗੁਰਦਾਸਪੁਰ ਡਾ. ਹਰਭਜਨ ਰਾਮ 'ਮਾਂਡੀ' ਦੀਆਂ ਹਦਾਇਤਾਂ ਅਤੇ ਡਾ. ਮਮਤਾ ਵਸੂਦੇਵ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸੀਨੀਅਰ ਮੈਡੀਕਲ ਅਫ਼ਸਰ ਡਾ. ਨੀਲਮ ਦੀ ਰਹਿਨੁਮਾਈ ਹੇਠ ਕਮਿਊਨਿਟੀ ਹੈਲਥ ਸੈਂਟਰ ਕਾਹਨੂੰਵਾਨ ਅਧੀਨ ਆਉਂਦੇ ਪਿੰਡ ਭੈਣੀ ਬਾਂਗਰ ਵਿਖੇ ਐਂਟੀ ਮਲੇਰੀਆ ਜਾਗਰੂਕਿਤਾ ਕੈਂਪ ਲਗਾਇਆ ਗਿਆ। ਇਸ ਮਲੇਰੀਆ ਜਾਗਰੂਕਿਤਾ ਕੈਂਪ ਵਿੱਚ ਹੈਲਥ ਇੰਸਪੈਕਟਰ ਮਹਿੰਦਰ ਪਾਲ ਨੇ ਆਏ ਹੋਏ ਲੋਕਾਂ ਨੂੰ ਦੱਸਿਆ ਕਿ ਮਲੇਰੀਆ ਬੁਖਾਰ ਮੱਛਰ ਦੇ ਕੱਟਣ ਨਾਲ ਹੁੰਦਾ ਹੈ। ਇਹ ਮੱਛਰ ਖੜੇ ਸਾਫ਼ ਪਾਣੀ ਉਪਰ ਰਹਿੰਦਾ ਹੈ ਤੇ ਪੈਦਾਵਾਰ ਵਧਾਉਂਦਾ ਹੈ। ਇਹ ਮੱਛਰ ਰਾਤ ਤੇ ਸਵੇਰ ਸਮੇਂ ਕੱਟਦੇ ਹਨ। ਉਨ੍ਹਾਂ ਨੇ ਮਲੇਰੀਆ ਬੁਖਾਰ ਦੇ ਲੱਛਣਾ ਬਾਰੇ ਦੱਸਿਆ ਕਿ ਠੰਢ ਤੇ ਕਾਂਬੇ ਨਾਲ ਤੇਜ਼ ਬੁਖਾਰ, ਸਿਰ ਦਰਦ ਹੋਣਾ, ਬੁਖਾਰ ਉਤਰਨ ਤੋਂ ਬਾਅਦ ਥਕਾਵਟ ਤੇ ਕਮਜ਼ੋਰੀ ਹੋਣਾ ਸਰੀਰ ਨੂੰ ਪਸੀਨਾ ਤੇ ਤਰੇਲੀਆਂ ਆਉਣਾ ਆਦਿ ਮਲੇਰੀਆ ਬੁਖਾਰ ਦੇ ਲੱਛਣ ਹੁੰਦੇ ਹਨ। ਅਜਿਹੇ ਲੱਛਣ ਕਿਸੇ ਵਿਅਕਤੀ ਨੂੰ ਦਿਖਾਈ ਦੇਣ ਤਾਂ ਤੁਰੰਤ ਨਜ਼ਦੀਕੀ ਸਿਹਤ ਸੈਂਟਰ ਜਾ ਕਿ ਖੂਨ ਦੀ ਜਾਂਚ ਕਰਨ ਤੇ ਮਲੇਰੀਆ ਬੁਖ਼ਾਰ ਨਿਕਲੇ ਤਾਂ ਇਸ ਦੀ ਦਵਾਈ ਸਾਰੇ ਹੈਲਥ ਸੈਂਟਰਾਂ ਤੋਂ ਮੁਫ਼ਤ ਦਿੱਤੀ ਜਾਂਦੀ ਹੈ। ਮਲੇਰੀਆ ਮੱਛਰ ਘਰਾਂ ਵਿੱਚ ਰੱਖੇ ਕੂਲਰਾਂ ਤੇ ਫਰਿਜਾਂ ਦੀਆਂ ਵੇਸਟ ਪਾਣੀ ਦੀਆਂ ਟਰੇਆਂ ਵਿੱਚ, ਟੁੱਟੇ-ਭੱਜੇ ਬਰਤਨਾਂ ਵਿੱਚ ਬਰਸਾਤਾਂ ਦੇ ਪਏ ਪਾਣੀ, ਪਸ਼ੂਆਂ ਦੇ ਪੀਣ ਵਾਲੇ ਪਾਣੀ ਦੀਆਂ ਹੌਦੀਆਂ ਵਿੱਚ ਪੈਦਾ ਹੁੰਦਾ ਹੈ। ਇਸ ਲਈ ਹਫ਼ਤੇ ਦੇ ਹਰ ਸ਼ੁੱਕਰਵਾਰ ਡਰਾਈ-ਡੇ ਮਨਾਉਣ ਤੇ ਕੱਢਣਾ ਚਾਹੀਦਾ ਹੈ ਤੇ ਖੜੇ ਪਾਣੀ ਉਪਰ ਸੜਿਆ ਤੇਲ ਪਾਉਣਾ ਚਾਹੀਦਾ ਹੈ। ਮੱਛਰ ਤੋਂ ਬਚਾਓ ਲਈ ਸਰੀਰ ਨੂੰ ਪੂਰੇ ਢੱਕਣ ਵਾਲੇ ਕੱਪੜੇ ਪਾਉਣੇ ਚਾਹੀਦੇ ਹਨ। ਇਸ ਮੌਕੇ ਪ੍ਰਤਾਪ ਸਿੰਘ, ਆਸ਼ਾ ਵਰਕਰ, ਗੁਰਮੀਤ ਕੌਰ ਆਸ਼ਾ ਵਰਕਰ ਤੇ ਹੋਰ ਪਿੰਡ ਵਾਸੀ ਹਾਜ਼ਰ ਸਨ।

ਗੁ. ਸ੍ਰੀ ਮੰਜੀ ਸਾਹਿਬ ਵਿਖੇ ਬੱਚਿਆਂ ਦਾ 14ਵਾਂ ਹਫਤਾਵਾਰੀ ਗੁਰਮਤਿ ਸਮਰ ਕੈਂਪ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਸ਼੍ਰੋਮਣੀ ਕਮੇਟੀ ਹਲਕਾ ਬਟਾਲਾ ਤੋਂ ਧਾਰਮਿਕ ਨੁਮਾਇੰਦਗੀ ਕਰ ਰਹੇ ਧਾਰਮਿਕ ਆਗੂ ਜਥੇਦਾਰ ਗੁਰਿੰਦਰਪਾਲ ਸਿੰਘ ਗੋਰਾ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਕਾਦੀਆਂ ਵਿਖੇ ਗਰਮੀਆਂ ਦੀਆਂ ਛੁੱਟੀਆਂ ਵਿੱਚ 14ਵਾਂ ਹਫਤਾਵਾਰੀ ਬੱਚਿਆਂ ਦਾ ਗੁਰਮਤਿ ਸਮਰ ਕੈਂਪ ਲਗਾਇਆ। ਇਸ ਮੌਕੇ ਸਿਮਰਨਜੀਤ ਸਿੰਘ ਕੋਟ ਟੋਡਰ ਮੱਲ ਪ੍ਰਚਾਰਕ ਧਰਮ ਪ੍ਰਚਾਰ ਕਮੇਟੀ, ਭਾਈ ਬਲਬੀਰ ਸਿੰਘ ਸੇਖਵਾਂ, ਭਾਈ ਪਲਵਿੰਦਰ ਸਿੰਘ ਪ੍ਰਚਾਰਕ, ਭਾਈ ਲਾਲ ਸਿੰਘ ਕਵੀਸ਼ਰ , ਭਾਈ ਪ੍ਰਸਾਂਤ ਸਿੰਘ, ਭਾਈ ਦਿਲਸੇਰ ਸਿੰਘ, ਭਾਈ ਕੰਵਲਜੀਤ ਸਿੰਘ ਅਤੇ ਭਾਈ ਗੁਰਪਿੰਦਰ ਸਿੰਘ ਨੇ ਬੱਚਿਆਂ ਨੂੰ ਸਿੱਖ ਧਰਮ ਦੇ ਮੁੱਢਲੇ ਸਿਧਾਂਤ ਗੁਰ ਇਤਿਹਾਸ, ਸਿੱਖ ਇਤਿਹਾਸ, ਗੁਰਬਾਣੀ ਤੇ ਰਹਿਤ ਮਰਿਯਾਦਾ ਦੀ ਮੁੱਢਲੀ ਸਿੱਖਿਆ ਦਿੱਤੀ। ਹਫਤਾਵਾਰੀ ਗੁਰਮਤਿ ਸਮਰ ਕੈਂਪ ਦੀ ਸੰਪੂਰਨਤਾ ਮੌਕੇ ਜਥੇਦਾਰ ਗੁਰਿੰਦਰਪਾਲ ਸਿੰਘ ਗੋਰਾ ਮੈਂਬਰ ਸ਼੍ਰੋਮਣੀ ਕਮੇਟੀ ਨੇ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਵਿਖੇ ਪਹੁੰਚ ਕੇ ਬੱਚਿਆਂ ਨੂੰ ਦਿੱਤੀ ਗਈ ਧਾਰਮਿਕ ਸਿੱਖਿਆ ਦੇ ਸਵਾਲ ਸੰਗਤਾਂ ਤੇ ਮਾਪਿਆਂ ਦੀ ਹਾਜ਼ਰੀ ਵਿੱਚ ਸੁਣੇ ਜਿਨ੍ਹਾਂ ਦੇ ਬੱਚਿਆਂ ਨੇ ਸਟੇਜ ਤੇ ਆ ਕੇ ਬਾਖੂਬੀ ਜਵਾਬ ਸੁਣਾਏ। ਇਸ ਮੌਕੇ ਤੇ ਬੱਚਿਆਂ ਦੇ ਮਾਤਾ ਪਿਤਾ ਅਤੇ ਸੰਗਤਾਂ ਨੇ ਜਥੇਦਾਰ ਗੁਰਿੰਦਰਪਾਲ ਸਿੰਘ ਗੋਰਾ ਵੱਲੋਂ ਕੀਤੇ ਜਾ ਰਹੇ

ਉਪਰਾਲੇ ਦੀ ਭਰਪੂਰ ਸਲਾਘਾ ਕੀਤੀ। ਅੰਤ ਵਿੱਚ ਜਥੇਦਾਰ ਗੋਰਾ ਨੇ ਗੁਰਦੁਆਰਾ ਪ੍ਰਬੰਧਕ ਕਮੇਟੀ, ਸੰਗਤਾਂ, ਮਾਪਿਆਂ ਅਤੇ ਧਰਮ ਪ੍ਰਚ

3-July-PAGE-4.qxd 7/2/2023 8:52 PM Page 1

ਨਵਾਂ ਜ਼ਮਾਨਾ
ਸੋਮਵਾਰ, 3 ਜੁਲਾਈ 2023

ਕੁਦਰਤ ਨਾਲ ਛੇੜਛਾੜ

ਸੜਕਾਂ ਚੌੜੀਆਂ ਹੋਣ ਤੋਂ ਬਾਅਦ ਉੱਤਰਾਖੰਡ ਤੇ ਹਿਮਾਚਲ ਵੱਲ ਸੈਲਾਨੀਆਂ ਦੀ ਗਿਣਤੀ 'ਚ ਭਾਰੀ ਵਾਧਾ ਹੋਇਆ ਹੈ। ਕਸ਼ਮੀਰ ਦੀ ਅਮਰਨਾਥ ਯਾਤਰਾ ਵਾਂਗ ਉੱਤਰਾਖੰਡ ਸਰਕਾਰ ਨੇ ਚਾਰ ਧਾਮ ਯਾਤਰਾ ਲਈ ਰਜਿਸਟ੍ਰੇਸ਼ਨ ਜ਼ਰੂਰੀ ਕਰ ਦਿੱਤੀ ਹੈ, ਤਾਂ ਜੋ ਯਾਤਰੀਆਂ ਦੀ ਸੁਰੱਖਿਆ ਯਕੀਨੀ ਬਣੀ ਰਹੇ। 10 ਜੂਨ ਤੱਕ ਸਾਢੇ 43 ਲੱਖ ਤੀਰਥ ਯਾਤਰੀਆਂ ਦੀ ਰਜਿਸਟ੍ਰੇਸ਼ਨ ਕੀਤੀ ਗਈ, ਜਿਹੜੇ ਚਾਰ ਧਾਮ ਯਾਤਰਾ ਲਈ ਨਿਕਲੇ ਸਨ। ਯਾਤਰਾ ਸ਼ੁਰੂ ਹੋਣ ਤੋਂ ਹੁਣ ਤੱਕ 58 ਯਾਤਰੀਆਂ ਦੀ ਮੌਤ ਕੇਦਾਰਨਾਥ ਦੀ ਯਾਤਰਾ ਦੌਰਾਨ ਹੋ ਚੁੱਕੀ ਹੈ, 634 ਜ਼ਖਮੀ ਹੋਏ ਹਨ ਤੇ 20 ਖੱਚਰਾਂ ਦੀ ਯਾਤਰੀਆਂ ਨੂੰ ਢੋਂਹਦਿਆਂ ਮੌਤ ਹੋ ਗਈ ਹੈ। ਯਮੁਨੋਤਰੀ ਦੇ ਰਾਹ 'ਚ 470 ਜ਼ਖਮੀ ਹੋ ਚੁੱਕੇ ਹਨ ਅਤੇ 21 ਘੋੜਿਆਂ ਤੇ ਖੱਚਰਾਂ ਦੀ ਮੌਤ ਹੋ ਗਈ ਹੈ। 2500 ਯਾਤਰੀਆਂ ਨੂੰ ਆਕਸੀਜਨ ਸਿਲੰਡਰ ਦੀ ਲੋੜ ਪਈ। 8 ਜੂਨ ਨੂੰ ਰਾਮਨਗਰ ਕੋਲ ਢੇਲਾ ਨਦੀ 'ਚ ਅਚਾਨਕ ਆਏ ਹੜ੍ਹ ਕਾਰਨ 9 ਯਾਤਰੀਆਂ ਦੀ ਮੌਤ ਹੋ ਗਈ। ਗੰਗੋਤਰੀ ਦੇ ਕਾਲਿੰਦੀ ਖਲ ਦੀ ਟਰੈਕਿੰਗ 'ਚ 38 ਲੋਕਾਂ ਨੂੰ ਲਿਜਾ ਰਹੇ 32 ਸਾਲਾ ਗਾਈਡ ਵਿਪਿਨ ਰਾਣਾ ਦੀ ਥਕਾਨ ਤੇ ਭਾਰ ਢੋਣ ਕਾਰਨ ਮੌਤ ਹੋ ਗਈ। ਜੂਨ ਦੇ ਅਖੀਰ ਵਿਚ ਮੀਂਹ ਕਾਰਨ ਪਹਾੜ ਖਿਸਕਣ ਤੇ ਮਲਬਾ ਡਿੱਗਣ ਕਾਰਨ ਉੱਤਰਾਖੰਡ 'ਚ 15 ਹਜ਼ਾਰ ਤੋਂ ਵੱਧ ਯਾਤਰੀ ਵੱਖ-ਵੱਖ ਥਾਈਂ ਫਸ ਗਏ। ਹਿਮਾਚਲ ਵਿਚ ਵੀ ਢਿਗਾਂ ਡਿੱਗਣ ਕਾਰਨ 200 ਤੋਂ ਵੱਧ ਲੋਕਾਂ ਨੂੰ ਪੂਰੀ ਰਾਤ ਸੜਕ 'ਤੇ ਲੰਘਾਉਣੀ ਪਈ ਸੀ। ਅਜਿਹਾ ਨਹੀਂ ਹੈ ਕਿ ਉੱਤਰਾਖੰਡ ਤੇ ਹਿਮਾਚਲ ਦੀਆਂ ਸਰਕਾਰਾਂ ਸੈਲਾਨੀਆਂ ਨੂੰ ਦਿਸ਼ਾ-ਨਿਰਦੇਸ਼ ਨਹੀਂ ਜਾਰੀ ਕਰਦੀਆਂ। ਉਨ੍ਹਾਂ ਨੂੰ ਗਰਮ ਕੱਪੜੇ ਤੇ ਦਵਾਈਆਂ ਆਦਿ ਨਾਲ ਲੈ ਕੇ ਆਉਣ ਨੂੰ ਕਹਿੰਦੀਆਂ ਹਨ। ਗੰਭੀਰ ਬਿਮਾਰੀ ਵਾਲਿਆਂ ਨੂੰ ਉੱਚੀਆਂ ਚੜ੍ਹਾਈਆਂ ਤੋਂ ਵਰਜਦੀਆਂ ਹਨ। ਦਿਸ਼ਾ-ਨਿਰਦੇਸ਼ਾਂ ਦੇ ਬਾਵਜੂਦ ਯਾਤਰੀਆਂ ਦੀਆਂ ਜਾਨਾਂ ਜਾਣ ਦੀਆਂ ਘਟਨਾਵਾਂ ਦੱਸਦੀਆਂ ਹਨ ਕਿ ਕੋਈ ਖਾਸ ਊਣਤਾਈ ਹੈ, ਜਿਹੜੀ ਜਾਨਲੇਵਾ ਸਾਬਤ ਹੋ ਰਹੀ ਹੈ। ਇਹ ਊਣਤਾਈ ਹੈ ਪਰਿਆਵਰਣ 'ਚ ਬਦਲਾਅ ਨੂੰ ਲੈ ਕੇ ਤਿਆਰੀਆਂ ਤੇ ਲੋੜੀਂਦੇ ਦਿਸ਼ਾ-ਨਿਰਦੇਸ਼ਾਂ ਦਾ ਨਾ ਹੋਣਾ। ਮਸਲਨ, ਅਪ੍ਰੈਲ ਵਿਚ ਹੀ ਪੱਛਮੀ ਗੜਬੜ ਕਾਰਨ ਮੌਸਮ ਦਾ ਅਸਰ ਜੰਮੂ-ਕਸ਼ਮੀਰ, ਹਿਮਾਚਲ ਤੇ ਉੱਤਰਾਖੰਡ 'ਚ ਭਾਰੀ ਬਾਰਸ਼ਾਂ ਤੇ ਬਰਫਬਾਰੀ ਦੇ ਰੂਪ ਵਿਚ ਹੋਣ ਦਾ ਅਗਾਊਂ ਪਤਾ ਲੱਗ ਗਿਆ ਸੀ। ਚਾਰ ਧਾਮ ਦੇ ਕਿਵਾੜ ਖੁੱਲ੍ਹਣ ਦੌਰਾਨ ਉਥੇ ਬਰਫਬਾਰੀ ਤੇ ਬਾਰਸ਼ ਸ਼ੁਰੂ ਹੋ ਗਈ। ਕਿਵਾੜ ਬੰਦ ਕਰ ਦਿੱਤੇ ਗਏ ਅਤੇ ਹਜ਼ਾਰਾਂ ਯਾਤਰੀ ਉੱਥੇ ਤੇ ਰਾਹ ਵਿਚ ਫਸ ਗਏ। ਇਸੇ ਤਰ੍ਹਾਂ ਜੂਨ ਦੇ ਸ਼ੁਰੂ ਵਿਚ ਬਿਪਰਜੋਆਇ ਚੱਕਰਵਾਤ ਦਾ ਅਸਰ ਵੀ ਇਨ੍ਹਾਂ ਇਲਾਕਿਆਂ 'ਤੇ ਪੈਣਾ ਸੀ। ਉਸ ਕਾਰਨ ਤੇਜ਼ ਬਾਰਸ਼ ਦੇ ਨਤੀਜੇ ਵਜੋਂ ਕਈ ਯਾਤਰੀ ਫਸ ਗਏ। ਇਸੇ ਦੌਰਾਨ ਸੰਯੁਕਤ ਰਾਸ਼ਟਰ ਹੇਠ ਕੰਮ ਕਰਨ ਵਾਲੇ ਮੌਸਮ ਵਿਭਾਗ ਦੀ ਏਸ਼ੀਆਈ ਸ਼ਾਖਾ ਨੇ ਖਬਰਦਾਰ ਕੀਤਾ ਸੀ ਕਿ ਪਹਾੜੀ ਇਲਾਕਿਆਂ ਵਿਚ ਅਚਾਨਕ ਤੇਜ਼ ਬਾਰਸ਼ ਦੀ ਸੰਭਾਵਨਾ ਕਈ ਗੁਣਾ ਵਧ ਗਈ ਹੈ। ਇਹ ਭਵਿੱਖਬਾਣੀ ਸੱਚ ਸਾਬਤ ਹੋਈ ਹੈ। ਮੋਦੀ ਸਰਕਾਰ ਨੇ ਸੈਰ-ਸਪਾਟੇ ਨੂੰ ਉਦਯੋਗ ਬਣਾ ਦਿੱਤਾ ਹੈ ਤੇ ਉਹ ਵੀ ਹੋਰਨਾਂ ਉਦਯੋਗਾਂ ਵਾਂਗ ਮੁਨਾਫੇ ਨੂੰ ਹੀ ਕੇਂਦਰ ਵਿਚ ਰੱਖਦਾ ਹੈ। ਪਰਿਆਵਰਣਵਾਦੀਆਂ ਨੇ ਚਾਰ ਧਾਮਾਂ ਲਈ ਸੜਕਾਂ ਬਹੁਤ ਜ਼ਿਆਦਾ ਚੌੜੀਆਂ ਕਰਨ ਦਾ ਇਹ ਕਹਿ ਕੇ ਵਿਰੋਧ ਕੀਤਾ ਸੀ ਕਿ ਇਸ ਨਾਲ ਪਹਾੜ ਚੀਰਨੇ ਪੈਣਗੇ ਅਤੇ ਕੱਚੇ ਪਹਾੜ ਡਿੱਗਦੇ ਰਹਿਣਗੇ। ਸਰਕਾਰ ਵੋਟਾਂ ਦੀ ਖਾਤਰ ਸੜਕਾਂ ਚੌੜੀਆਂ ਕਰਨ ਤੋਂ ਟਲੀ ਨਹੀਂ। ਨਤੀਜਾ ਸਾਹਮਣੇ ਹੈ ਕਿ ਸੜਕ ਚੌੜੀਆਂ ਹੋਣ ਨਾਲ ਪਹਾੜਾਂ ਵੱਲ ਮੋਟਰ-ਗੱਡੀਆਂ ਦਾ ਜਾਣਾ ਵਧ ਗਿਆ ਹੈ ਤੇ ਉਨ੍ਹਾਂ ਵਿੱਚੋਂ ਨਿਕਲਣ ਵਾਲੀ ਕਾਰਬਨ ਬਰਫ ਨੂੰ ਤੇਜ਼ੀ ਨਾਲ ਪਿਘਲਾ ਰਹੀ ਹੈ। ਨਤੀਜਾ ਹੜ੍ਹਾਂ ਦੀ ਸ਼ਕਲ 'ਚ ਸਾਹਮਣੇ ਆ ਰਿਹਾ ਹੈ। ਸੈਰ-ਸਪਾਟੇ ਨੂੰ ਵਧਾਉਣ ਲਈ ਕੁਦਰਤ ਨਾਲ ਛੇੜਛਾੜ ਮਹਿੰਗੀ ਸਾਬਤ ਹੋ ਰਹੀ ਹੈ।

ਅੰਨਦਾਤਾ ਦੇ ਕਰਮਾਂ 'ਚ ਹੀ ਗਰੀਬੀ ਕਿਉਂ ?

ਜਗਦੇਵ ਸ਼ਰਮਾ

ਪੰਜਾਬ ਖੇਤੀ ਪ੍ਰਧਾਨ ਸੂਬਾ ਹੈ । ਰਾਜ ਦਾ ਸਾਰਾ ਅਰਥਚਾਰਾ ਖੇਤੀਬਾੜੀ ਜਾਂ ਫਿਰ ਖੇਤੀਬਾੜੀ ਸਹਾਇਕ ਧੰਦਿਆਂ ਦੇ ਇਰਦ-ਗਿਰਦ ਘੁੰਮਦਾ ਹੈ । ਜ਼ਿਆਦਾਤਰ ਮਜ਼ਦੂਰ ਤਬਕੇ ਦੀ ਰੋਜ਼ੀ-ਰੋਟੀ ਦਾ ਸਾਧਨ ਵੀ ਖੇਤੀਬਾੜੀ ਹੀ ਹੈ । ਪੰਜਾਬ ਦੀ ਕੁੱਲ ਵਸੋਂ ਦਾ 75% ਖੇਤੀਬਾੜੀ ਵਿੱਚ ਸਿੱਧੇ-ਅਸਿੱਧੇ ਤਰੀਕੇ ਰੁੱਝਿਆ ਹੋਇਆ ਹੈ । ਪੰਜਾਬੀਆਂ ਤੋਂ ਇਲਾਵਾ ਬਿਹਾਰੀ ਜਾਂ ਯੂ ਪੀ ਤੋਂ ਆਏ ਪਰਵਾਸੀ ਮਜ਼ਦੂਰ ਵੀ ਖੇਤੀਬਾੜੀ ਵਿਚ ਹੱਥ ਵਟਾਉਂਦੇ ਹਨ । ਆੜ੍ਹਤੀਏ, ਤੇਲਾਂ ਬੀਜਾਂ, ਦਵਾਈਆਂ ਦੇ ਵਪਾਰੀ ਆਦਿ ਕਿਹਾ ਜਾ ਸਕਦਾ ਹੈ ਕਿ ਦੇਸ਼ ਦਾ ਇੱਕ ਵੱਡਾ ਹਿੱਸਾ ਪੰਜਾਬ ਦੀ ਖੇਤੀ ਨਾਲ ਜੁੜਿਆ ਹੋਇਆ ਹੈ ।

ਸਾਡੇ ਦੇਸ਼ ਉੱਪਰ ਇੱਕ ਸਮਾਂ ਅਜਿਹਾ ਵੀ ਆਇਆ, ਜਦੋਂ ਦੇਸ਼ ਨੂੰ ਵਧਦੀ ਆਬਾਦੀ ਦੇ ਮੱਦੇਨਜ਼ਰ ਅੰਨ ਭੰਡਾਰ ਦੇ ਫਰੰਟ 'ਤੇ ਮੁਸੀਬਤਾਂ ਦਾ ਸਾਹਮਣਾ ਕਰਨਾ ਪਿਆ। ਦੇਸ਼ ਦੀਆਂ ਅੰਨ ਦੀਆਂ ਲੋੜਾਂ ਪੂਰੀਆਂ ਕਰਨ ਲਈ ਭਾਰਤ ਵਿਦੇਸ਼ਾਂ ਉੱਪਰ ਨਿਰਭਰ ਹੋਣ ਲੱਗਿਆ। ਉਨ੍ਹਾਂ ਦਿਨਾਂ ਵਿੱਚ ਹੀ ਲਾਲ ਰੰਗ ਦੀ ਵੱਧ ਝਾੜ ਦੇਣ ਵਾਲੀ ਮੈਕਸੀਕਨ ਕਣਕ, ਪੀ ਐੱਲ 480 ਲਾਅ ਤਹਿਤ ਭਾਰਤ ਵਿਚ ਆਉਂਦੀ ਮੈਂ ਖੁਦ ਦੇਖੀ ਹੈ ।

ਓਦੋਂ ਦੇ ਯੋਜਨਾ ਅਯੋਗ ਦੇ ਸਹਿਯੋਗ ਨਾਲ ਦੇਸ਼ ਨੂੰ ਅੰਨ ਦੇ ਮਾਮਲੇ ਵਿਚ ਆਤਮ ਨਿਰਭਰ ਬਣਾਉਣ ਲਈ ਯੂਨੀਵਰਸਿਟੀਆਂ ਦਾ ਸਹਿਯੋਗ ਲਿਆ ਗਿਆ । ਖਾਸ ਇਸੇ ਮੰਤਵ ਦੀ ਪੂਰਤੀ ਲਈ 1962 ਵਿੱਚ ਸਥਾਪਤ ਕੀਤੀ ਗਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਨੇ ਵੀ ਦੇਸ਼ ਦੀ ਅੰਨ ਸਮੱਸਿਆ ਹੱਲ ਕਰਨ ਵਿੱਚ ਭਰਪੂਰ ਯੋਗਦਾਨ ਪਾਇਆ । ਸਰਕਾਰ ਦੇ ਤਰੱਦਦ ਸਦਕਾ ਬਾਹਰੋਂ ਵੱਧ ਝਾੜ ਦੇਣ ਵਾਲੇ ਬੀਜ ਆਯਾਤ ਕੀਤੇ ਗਏ । ਪਾਣੀ ਦੇ ਉਪਯੁਕਤ ਸਾਧਨ ਜੁਟਾਏ ਗਏ । ਖਾਦ, ਕੀੜੇਮਾਰ ਦਵਾਈਆਂ ਕਿਸਾਨ ਨੂੰ ਸਬਸਿਡੀ 'ਤੇ ਉਪਲੱਭਧ ਕਾਰਵਾਈਆਂ ਗਈਆਂ । ਨਵੀਂ ਤਕਨੀਕ ਨਾਲ ਲੈਸ ਖੇਤੀਬਾੜੀ ਮਸ਼ੀਨਰੀ ਕਾਰਨ ਦਿਨਾਂ ਦਾ ਕੰਮ ਘੰਟਿਆਂ ਵਿਚ ਹੋਣ ਲੱਗਿਆ । ਪਨਸਪ , ਮਾਰਕਫੈੱਡ, ਐੱਫ ਸੀ ਆਈ ਅਤੇ ਵੇਅਰ ਹਾਊਸਿੰਗ ਅਦਾਰਿਆਂ ਕਾਰਨ ਫਸਲਾਂ ਦਾ ਮੰਡੀਕਰਨ ਸੌਖਾ ਹੋ ਗਿਆ। ਝੋਨਾ ਅਤੇ ਕਣਕ ਵਰਗੀਆਂ ਅਨਾਜ ਦੀਆਂ ਫਸਲਾਂ ਕਿਸਾਨ ਲਈ ਕੈਸ਼ ਕ੍ਰਾਪ ਬਣ ਗਈਆਂ । ਇਸ ਵਰਤਾਰੇ ਨੂੰ ਸਾਡੇ ਦੇਸ਼ ਦੇ ਰਹਿਬਰਾਂ ਨੇ ਹਰੀ ਕ੍ਰਾਂਤੀ ਦਾ ਨਾਂਅ ਦਿੱਤਾ। ਨਤੀਜਨ, ਦੇਸ਼ ਅੰਨ ਦੇ ਮਾਮਲੇ 'ਚ ਆਤਮ ਨਿਰਭਰ ਹੀ ਨਹੀਂ ਹੋਇਆ, ਸਗੋਂ ਦੇਸ਼ ਦੀ ਅਧਿਓਂ ਵੱਧ ਆਬਾਦੀ ਨੂੰ ਮੁਫਤ ਅਨਾਜ ਵੰਡ ਕੇ ਵੀ ਦੇਸ਼ ਦੇ ਗੁਦਾਮਾਂ ਨੂੰ ਸਾਹ ਨਹੀਂ ਆਉਂਦਾ । 2020-21 ਦੌਰਾਨ ਦੇਸ ਵਿਚ ਅਨਾਜ ਦੀ ਪੈਦਾਵਾਰ 303 ਮਿਲੀਅਨ ਟਨ ਨੂੰ ਜਾ ਢੁਕੀ ਹੈ। 1.53% ਭੂਮੀ ਦਾ ਮਾਲਕ ਪੰਜਾਬੀ ਕਿਸਾਨ ਕੇਂਦਰੀ ਪੂਲ ਵਿੱਚ 80% ਅਨਾਜ ਦਾ ਯੋਗਦਾਨ ਪਾਉਂਦਾ ਹੈ ।

ਵੱਧ ਵੱਧ ਤੋਂ ਵੱਧ ਝਾੜ ਲੈ ਕੇ ਰਪੌੜ ਇਕੱਠੀ ਕਰਨ ਦੇ ਲਾਲਚ ਵੱਸ ਕਿਸਾਨ ਖਾਦਾਂ ਦੀ ਵਰਤੋਂ ਨਹੀਂ, ਸਗੋਂ ਦੁਰਵਰਤੋਂ ਕਰਨ ਲੱਗ ਪਿਆ ਹੈ । ਯੂਨੀਵਰਸਿਟੀ ਦੀਆਂ ਸਿਫਾਰਸ਼ਾਂ ਨੂੰ ਦਰਕਿਨਾਰ ਕਰਕੇ ਕਿਸਾਨ ਆਪਣੀ ਮਰਜ਼ੀ ਅਨੁਸਾਰ ਖਾਦਾਂ , ਦਵਾਈਆਂ ਦੀ ਵਰਤੋਂ ਕਰ ਰਿਹਾ ਹੈ । ਹਾਲਾਤ ਇਹ ਬਣ ਗਏ ਹਨ ਕਿ ਬਿਨਾਂ ਖਾਦ ਦੇ ਪੈਦਾਵਾਰ ਸੰਭਵ ਹੀ ਨਹੀਂ । ਧਰਤੀ ਦੀ ਹਾਲਤ ਨਸ਼ਿਆਂ ਉੱਪਰ ਲੱਗੇ ਅਮਲੀ ਵਰਗੀ ਹੋ ਗਈ ਹੈ । ਨਕਲੀ ਬੀਜਾਂ , ਖਾਦਾਂ ਅਤੇ ਦਵਾਈਆਂ ਦੀ ਬਾਜ਼ਾਰ ਵਿੱਚ ਭਰਮਾਰ ਹੈ , ਓਹ ਵੱਖਰੀ । ਲੋੜ ਵੇਲੇ ਖਾਦਾਂ ਵਗੈਰਾ ਦੀ ਪੂਰਤੀ ਮੰਗ ਅਨੁਸਾਰ ਯਕੀਨੀ ਨਹੀਂ ਬਣਾਈ ਜਾਂਦੀ । ਭ੍ਰਿਸ਼ਟ ਸਰਕਾਰੀ ਤੰਤਰ ਆਪਣੇ ਹੱਥ ਰੰਗਣ ਵਿਚ ਗਲਤਾਨ ਹੈ । ਜਦੋਂ ਨੂੰ ਖੇਤੀਬਾੜੀ ਮਹਿਕਮੇ ਦੀ ਜਾਗ ਖੁੱਲ੍ਹਦੀ ਹੈ, ਓਦੋਂ ਨੂੰ ਲਾਲ-ਚਿੱਟੀ ਸੁੰਡੀ ਨਰਮੇ ਦੇ ਖੇਤਾਂ ਨੂੰ ਚਟਮ ਕਰ ਚੁੱਕੀ ਹੁੰਦੀ ਹੈ ।

ਇਸ ਨੂੰ ਕਿਸਾਨ ਦੀ ਬਦਕਿਸਮਤੀ ਹੀ ਕਿਹਾ ਜਾ ਸਕਦਾ ਹੈ ਕਿ ਆਜ਼ਾਦੀ ਦੇ ਪਚੱਤਰ ਸਾਲ ਬਾਅਦ ਵੀ ਇੱਕ ਸਫਲ ਮੰਡੀਕਰਨ ਢਾਂਚਾ ਵਿਕਸਤ ਕਰਨ ਦੇ ਵਿੱਚ ਸਾਡੇ ਖੇਤੀ ਪ੍ਰਧਾਨ ਦੇਸ਼ ਦਾ ਪ੍ਰਮੁੱਖ ਖੇਤੀ ਪ੍ਰਧਾਨ ਸੂਬਾ ਫੇਲ੍ਹ ਸਾਬਤ ਹੋਇਆ ਹੈ । ਫਸਲ ਦੀ ਭਰਪੂਰ ਪੈਦਾਵਾਰ ਹੋਣ ਦੀ ਸੂਰਤ ਵਿੱਚ ਕਿਸਾਨ ਦੇ ਆਲੂ, ਪਿਆਜ਼, ਟਮਾਟਰ ਸੜਕਾਂ ਉੱਤੇ ਰੁਲਦੇ ਹਨ ਅਤੇ ਕਮੀ ਵੇਲੇ ਭਾਲਿਆਂ ਨਹੀਂ ਥਿਆਉਂਦੇ। ਸਾਡੇ ਸਿਸਟਮ ਦੀ ਇਸੇ ਅਸਫਲਤਾ ਕਾਰਨ 512 ਕਿਲੋ ਪਿਆਜ਼ ਵੇਚ ਕੇ ਕਿਸਾਨ ਦੀ ਜੇਬ ਵਿੱਚ 2.49 ਰੁਪਏ ਆਉਂਦੇ ਹਨ । ਕੀ ਸਰਕਾਰ ਆਪਣੇ ਗੁਦਾਮਾਂ ਵਿੱਚ ਕਿਸਾਨ ਦੀ ਫਸਲ ਦੀ ਸੰਭਾਲ ਕਰਕੇ ਉਚਿੱਤ ਸਮੇ ਤੇ ਉਚਿੱਤ ਸਪਲਾਈ ਯਕੀਨੀ ਨਹੀਂ ਬਣਾ ਸਕਦੀ? ਨੀਤੀ ਦੀ ਨਹੀਂ ਨੀਅਤ ਦੀ ਘਾਟ ਹੈ ।

ਦੇਸ਼ ਵਿੱਚ ਅੰਨ ਦੀ ਪੈਦਾਵਾਰ ਵਧਾਉਣ ਲਈ ਅੰਨਦਾਤਾ ਦੀਆਂ ਫਸਲਾਂ ਘੱਟੋ-ਘੱਟ ਸਮਰਥਨ ਮੁੱਲ ਉੱਤੇ ਖਰੀਦਣ ਦਾ ਪ੍ਰਬੰਧ ਕੀਤਾ ਗਿਆ । ਵਰਤਮਾਨ ਵਿੱਚ 23 ਫਸਲਾਂ ਉੱਤੇ ਸਮਰਥਨ ਮੁੱਲ ਦੇਣ ਦਾ ਪ੍ਰਾਵਧਾਨ ਹੈ, ਪ੍ਰੰਤੂ ਅਮਲੀ ਤੌਰ 'ਤੇ ਛੇ ਜਾਂ ਸੱਤ ਫਸਲਾਂ 'ਤੇ ਹੀ ਸਮਰਥਨ ਮੁੱਲ ਦਿੱਤਾ ਜਾ ਰਿਹਾ ਹੈ, ਓਹ ਵੀ ਚੋਣਵੇਂ ਦੋ ਜਾਂ ਤਿੰਨ ਰਾਜਾਂ ਵਿੱਚ। ਭਰਪੂਰ ਫਸਲ ਦੀ ਖਰੀਦ ਅਤੇ ਸਾਂਭ-ਸੰਭਾਲ ਦੀਆਂ ਸਮੱਸਿਆਵਾਂ ਦੇ ਮੱਦੇ-ਨਜ਼ਰ ਸਰਕਾਰਾਂ ਅਤੇ ਏਜੰਸੀਆਂ ਘੱਟੋ-ਘੱਟ ਸਮਰਥਨ ਮੁੱਲ ਦੇਣ ਤੋਂ ਆਨਾਕਾਨੀ ਹੀ ਨਹੀਂ ਕਰ ਰਹੀਆਂ, ਸਗੋਂ ਵੱਖੋ-ਵੱਖਰੇ ਤਰਕ ਦੇ ਕੇ ਇਸ ਤੋਂ ਲੱਗਭੱਗ ਮੁਨਕਰ ਹੀ ਹਨ। ਸਰਕਾਰ ਦੀ ਮਨਸ਼ਾ ਹੈ ਕਿ ਕਿਸਾਨ ਦੀਆਂ ਫਸਲਾਂ ਦਾ ਭਾਅ ਬਾਜ਼ਾਰ ਤੈਅ ਕਰੇ ਨਾ ਕਿ ਸਰਕਾਰ ਜਾਂ ਕੋਈ ਸਰਕਾਰੀ ਏਜੰਸੀ ਅਤੇ ਕਿਸਾਨ ਆਪਣੀ ਫਸਲ ਦਾ ਭੰਡਾਰਨ ਕਰਕੇ ਉਚਿੱਤ ਸਮੇਂ 'ਤੇ ਭਾਅ ਵਧੇ ਤੋਂ ਵੇਚ ਲਵੇ। ਸੁਆਲ ਫਿਰ ਓਹੀ ਪੈਦਾ ਹੁੰਦਾ ਹੈ ਕਿ ਕਿੰਨੇ ਕੁ ਕਿਸਾਨਾਂ ਕੋਲ ਫਸਲ ਭੰਡਾਰਨ ਦੀ ਸਮਰੱਥਾ ਹੈ, ਸ਼ਾਇਦ ਇੱਕ ਪ੍ਰਤੀਸ਼ਤ ਕੋਲ ਵੀ ਨਹੀਂ । ਕਿਸਾਨ ਤਾਂ ਖੁਸ਼ਕੀ ਦੇ ਛੇ ਮਹੀਨੇ ਦੌਰਾਨ ਵੀ ਆੜ੍ਹਤੀਏ ਨੂੰ ਏ ਟੀ ਐੱਮ ਦੇ ਤੌਰ 'ਤੇ ਵਰਤਦਾ ਹੈ।

ਜਦੋਂ ਤੋਂ ਫਸਲ ਦੀ ਕਟਾਈ ਦਾ ਮਸ਼ੀਨੀਕਰਨ ਹੋ ਗਿਆ ਹੈ, ਓਦੋਂ ਤੋਂ ਫਸਲ ਦੀ ਰਹਿੰਦ-ਖੂੰਹਦ ਦੀ ਸਾਂਭ-ਸੰਭਾਲ ਨੇ ਵਿਕਰਾਲ ਰੂਪ ਧਾਰ ਲਿਆ ਹੈ । ਅਗਲੀ ਫਸਲ ਦੀ ਤਿਆਰੀ ਲਈ ਖੇਤ ਜਲਦੀ ਵਿਹਲਾ ਕਰਨ ਵਾਸਤੇ ਪਰਾਲੀ ਨੂੰ ਅੱਗ ਲਗਾਉਣਾ ਕਿਸਾਨ ਆਪਣੀ ਮਜਬੂਰੀ ਦੱਸਦਾ ਹੈ, ਪ੍ਰੰਤੂ ਇਸ ਨਾਲ ਹੋਣ ਵਾਲੇ ਪ੍ਰਦੂਸ਼ਣ ਤੋਂ ਅਪਣਾ ਪੱਲਾ ਝਾੜ ਲੈਂਦਾ ਹੈ । ਭਲੀ-ਭਾਂਤ ਇਹ ਜਾਣਦੇ ਹੋਏ ਵੀ ਕਿ ਇਹ ਪਰਾਲੀ ਪ੍ਰਦੂਸ਼ਣ ਬੱਚਿਆਂ , ਬੁੱਢਿਆਂ ਅਤੇ ਬਿਮਾਰਾਂ ਲਈ ਜਾਨਲੇਵਾ ਹੈ, ਕੋਈ ਵੀ ਸਰਕਾਰੀ, ਗੈਰ-ਸਰਕਾਰੀ ਸੰਸਥਾ ਇਸ ਅਲਾਮਤ ਪ੍ਰਤੀ ਸੰਜੀਦਾ ਨਹੀਂ। ਜ਼ਿਆਦਾ ਦਵਾਈਆਂ , ਖਾਦਾਂ ਦੀ ਵਰਤੋਂ ਨਾਲ ਧਰਤੀ ਹੇਠਲਾ ਪਾਣੀ ਇਸ ਹੱਦ ਤੱਕ ਪ੍ਰਦੂਸ਼ਤ ਹੋ ਗਿਆ ਹੈ ਕਿ ਨਿੱਕੀ ਉਮਰੇ ਕੈਂਸਰ ਵਰਗੀਆਂ ਵੱਡੀਆਂ ਬਿਮਾਰੀਆਂ ਨਾਲ ਪੰਜਾਬੀਆਂ ਨੂੰ ਜੂਝਣਾ ਪੈ ਰਿਹਾ ਹੈ ।

ਸਭ ਤੋਂ ਵੱਡੀ ਸਮੱਸਿਆ ਹੈ , ਦਿਨ ਪ੍ਰਤੀ ਦਿਨ ਥੱਲੇ ਜਾ ਰਿਹਾ ਧਰਤੀ ਹੇਠਲੇ ਪਾਣੀ ਦਾ ਪੱਧਰ । ਅੱਜ 15 ਲੱਖ ਤੋਂ ਵੱਧ ਟਿਊਬਵੈੱਲ ਧਰਤੀ ਹੇਠੋਂ ਪਾਣੀ ਖਿੱਚਣ ਲੱਗੇ ਹੋਏ ਹਨ । ਪੰਜਾਬ ਦੇ ਕੁੱਲ ਬਲਾਕਾਂ ਵਿੱਚੋਂ ਲੱਗਭੱਗ 90% ਡਾਰਕ ਜ਼ੋਨ ਵਿਚ ਆਉਂਦੇ ਹਨ। ਇਨ੍ਹਾਂ ਬਲਾਕਾਂ ਵਿੱਚ ਨਵੇਂ ਬੋਰ ਕਰਨ ਜਾਂ ਵਰਤਮਾਨ ਬੋਰਾਂ ਨੂੰ ਹੋਰ ਡੂੰਘੇ ਕਰਨ ਦੀ ਮਨਾਹੀ ਹੈ । ਜੇਕਰ ਇਸੇ ਮਿਕਦਾਰ ਵਿੱਚ ਧਰਤੀ ਹੇਠਲਾ ਪਾਣੀ ਖਿੱਚਿਆ ਜਾਂਦਾ ਰਿਹਾ ਤਾਂ ਪੰਜਾਬ ਨੂੰ ਰਾਜਸਥਾਨ ਬਣਦਿਆਂ ਦੇਰ ਨਹੀਂ ਲੱਗਣੀ । ਪਾਣੀ ਦੀ ਸਮੱਸਿਆ ਦੇ ਨਾਲ ਹੀ ਪੰਜ ਦਰਿਆਵਾਂ ਦੀ ਧਰਤੀ ਦੀ ਉਪਜਾਊ ਸ਼ਕਤੀ ਵੀ ਨਿਘਾਰ ਵੱਲ ਜਾ ਰਹੀ ਹੈ ।

ਸਵਾਲਾਂ ਦਾ ਸਵਾਲ ਹੈ ਕਿ ਕਿਸਾਨ ਕੋਲ ਇਨ੍ਹਾਂ ਸਮੱਸਿਆਵਾਂ ਤੋਂ ਨਿਜਾਤ ਪਾਉਣ ਲਈ ਵਿਕਲਪ ਕੀ ਹੈ? ਕਿਵੇਂ ਧਰਤੀ ਹੇਠਲੇ ਪਾਣੀ ਨੂੰ ਬਚਾਇਆ ਜਾਵੇ , ਕਿਵੇਂ ਪ੍ਰਦੂਸ਼ਤ ਵਾਤਾਵਰਣ ਤੋਂ ਖਹਿੜਾ ਛੁੱਟੇ, ਕਿਵੇਂ ਕਿਸਾਨਾਂ ਦੀਆਂ ਆਤਮ ਹੱਤਿਆਵਾਂ ਬੰਦ ਹੋਣ, ਕਿਵੇਂ ਕਿਸਾਨੀ ਲਾਹੇਵੰਦਾ ਧੰਦਾ ਬਣੇ ਆਦਿ-ਆਦਿ ? ਮੇਰੇ ਮੁਤਾਬਿਕ ਇੱਕੋ-ਇੱਕ ਹੱਲ ਹੈ ਕਿਸਾਨ ਨੂੰ ਕਣਕ ਅਤੇ ਝੋਨੇ ਦੇ ਕੁਚੱਕਰ ਵਿੱਚੋਂ ਬਾਹਰ ਕੱਢਣਾ, ਯਾਨੀਕਿ ਫਸਲੀ ਵਿਭਿੰਨਤਾ । ਖੇਤੀਬਾੜੀ ਮਾਹਰਾਂ, ਵਿਗਿਆਨੀਆਂ , ਅਰਥ ਸ਼ਾਸਤਰੀਆਂ, ਕਿਸਾਨੀ ਨਾਲ ਨੇੜੇ ਤੋਂ ਜੁੜੇ ਅਫਸਰਾਂ, ਵਾਤਾਵਰਨ ਪ੍ਰੇਮੀਆਂ ਦੀ ਇੱਕ ਗੈਰ ਰਾਜਨੀਤਕ ਕਮੇਟੀ ਬਣਾਈ ਜਾਵੇ, ਜਿਹੜੀ ਇਸ ਸੰਬੰਧੀ ਆਪਣੇ ਸੁਝਾਅ ਦੇਵੇ । ਕਮੇਟੀ ਆਪਣੀ ਰਿਪੋਰਟ ਤਿਆਰ ਕਰਦੇ ਵਕਤ ਇਸ ਗੱਲ ਦਾ ਖਿਆਲ ਰੱਖੇ ਕਿ

3-JULY-PAGE-5.qxd 7/2/2023 8:49 PM Page 1

ਅਧਿਆਪਕਾਂ 'ਤੇ ਲਾਠੀਚਾਰਜ ਵਿਰੁੱਧ ਥਾਂ-ਥਾਂ ਪੁਤਲੇ ਫੂਕ ਮੁਜ਼ਾਹਰੇ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)

ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਵੱਲੋਂ ਬੀਤੇ ਵਰ੍ਹੇ ਅਧਿਆਪਕ ਦਿਵਸ ਮੌਕੇ ਵਿਸ਼ੇਸ਼ ਸਮਾਗਮ ਕਰਕੇ ਸਿੱਖਿਆ ਵਿਭਾਗ ਦੇ 8736 ਕੱਚੇ ਅਧਿਆਪਕਾਂ ਤੇ ਹੋਰ ਕਰਮਚਾਰੀਆਂ ਨੂੰ ਪੱਕਾ ਕਰਨ ਦਾ ਐਲਾਨ ਕੇਵਲ ਕਾਗਜ਼ਾਂ ਤੱਕ ਹੀ ਸੀਮਤ ਹੋ ਕੇ ਰਹਿਣ ਅਤੇ ਰੈਗੂਲਰ ਆਰਡਰ ਦੀ ਥਾਂ ਸਿਰਫ ਤਨਖਾਹ ਵਾਅਦੇ ਖਿਲਾਫ ਕੱਚੇ ਅਧਿਆਪਕਾਂ ਵੱਲੋਂ ਪਿਛਲੇ 17 ਦਿਨਾਂ ਤੋਂ ਚੱਲ ਰਹੇ ਪੱਕੇ ਧਰਨੇ ਦੇ 18ਵੇਂ ਦਿਨ ਵੱਡੀ ਰੋਸ ਰੈਲੀ ਕਰਕੇ ਅਧਿਆਪਕਾਂ ਨੇ ਆਪਣੀ ਪੂਰੇ ਲਾਭਾਂ ਸਮੇਤ ਰੈਗੂਲਰ ਕੀਤੇ ਜਾਣ ਦੀ ਹੱਕੀ ਮੰਗ ਲਈ ਸੰਘਰਸ਼ ਨੂੰ ਅਗਾਂਹ ਵਧਾਇਆ ਹੈ। ਇਨ੍ਹਾਂ ਅਧਿਆਪਕਾਂ ਦੇ ਹੱਕੀ ਸੰਘਰਸ਼ ਦੀ ਹਮਾਇਤ ਕਰਦਿਆਂ ਡੀ.ਟੀ.ਐੱਫ. ਪੰਜਾਬ ਦੇ ਸੂਬਾ ਪ੍ਰਧਾਨ ਵਿਕਰਮ ਦੇਵ ਸਿੰਘ, ਮੀਤ ਪ੍ਰਧਾਨ ਰਾਜੀਵ ਬਰਨਾਲਾ, ਪ੍ਰੈੱਸ ਸਕੱਤਰ ਪਵਨ ਕੁਮਾਰ, ਜਥੇਬੰਦਕ ਸਕੱਤਰ ਮਹਿੰਦਰ ਕੌੜਿਆਂਵਾਲੀ ਅਤੇ ਸੰਯੁਕਤ ਸਕੱਤਰ ਦਲਜੀਤ ਸਫੀਪੁਰ ਦੀ ਅਗਵਾਈ ਹੇਠ ਪਟਿਆਲਾ, ਸੰਗਰੂਰ, ਫਾਜ਼ਿਲਕਾ, ਬਰਨਾਲਾ, ਮਾਨਸਾ, ਸ੍ਰੀ ਮੁਕਤਸਰ ਸਾਹਿਬ, ਬਠਿੰਡਾ, ਫਤਿਹਗੜ੍ਹ ਸਾਹਿਬ ਆਦਿ ਜ਼ਿਲ੍ਹਿਆਂ ਤੋਂ 100 ਦੇ ਕਰੀਬ ਅਧਿਆਪਕਾਂ ਨੇ ਕੱਚੇ ਅਧਿਆਪਕਾਂ ਦੇ ਧਰਨੇ ਵਿੱਚ ਸ਼ਮੂਲੀਅਤ ਕੀਤੀ। ਆਗੂਆਂ ਨੇ ਅਧਿਆਪਕਾਂ ਸਮੇਤ ਸਿੱਖਿਆ ਵਿਭਾਗ ਦੇ ਨਾਨ ਟੀਚਿੰਗ ਸਟਾਫ ਦੀ ਇਸ ਜਾਇਜ਼ ਮੰਗ ਨੂੰ ਮੰਨਣ ਦੀ ਥਾਂ ਸੰਘਰਸ਼ ਕਰ ਰਹੇ ਅਧਿਆਪਕਾਂ 'ਤੇ ਲਾਠੀਚਾਰਜ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕੀਤੀ। ਡੀ ਟੀ ਐੱਫ ਆਗੂਆਂ ਨੇ ਮੰਗ ਕੀਤੀ ਕਿ ਸਿੱਖਿਆ ਵਿਭਾਗ ਅਧੀਨ ਕੰਮ ਕਰਦੇ ਸਾਰੇ ਦੇ ਸਾਰੇ ਕੱਚੇ ਅਧਿਆਪਕਾਂ ਤੇ ਨਾਨ ਟੀਚਿੰਗ ਕਰਮਚਾਰੀਆਂ ਜਿਨ੍ਹਾਂ ਦੀ ਗਿਣਤੀ 14000 ਦੇ ਕਰੀਬ ਹੈ, ਨੂੰ ਸਰਕਾਰੀ ਨੌਕਰੀ ਦੇ ਸਾਰੇ ਲਾਭਾਂ ਸਮੇਤ ਫੌਰੀ ਰੈਗੂਲਰ ਕੀਤਾ ਜਾਵੇ। ਡੀ ਟੀ ਐੱਫ ਦੇ ਜ਼ਿਲ੍ਹਾ ਪ੍ਰਧਾਨਾਂ ਅਤੇ ਜ਼ਿਲ੍ਹਾ ਆਗੂਆਂ ਸੁਖਵਿੰਦਰ ਗਿਰ, ਅਮਨ ਵਸ਼ਿਸ਼ਟ, ਅਤਿੰਦਰ ਘੱਗਾ, ਪਰਮਾਤਮਾ ਸਿੰਘ, ਸੁਖਦੀਪ ਤਪਾ, ਨਿਰਮਲ ਚੋਹਾਨਕੇ, ਜਸਪਾਲ ਚੌਧਰੀ, ਗੁਰਜੀਤ ਘੱਗਾ, ਜੋਸ਼ੀਲ ਤਿਵਾੜੀ, ਜੰਗਪਾਲ ਰਾਏਕੋਟ, ਪਰਮਿੰਦਰ ਮਾਨਸਾ, ਪਰਮਜੀਤ ਸੋਖੋਂ, ਨਿਰਭੈ ਸਿੰਘ ਖਾਈ ਅਤੇ ਗੁਰਦਾਸ ਗੁਰਨੇ ਨੇ ਕਿਹਾ ਕਿ ਪੰਜ ਤੋਂ ਦਸ ਹਾਜ਼ਰ ਪ੍ਰਤੀ ਮਹੀਨਾ ਤਨਖਾਹ 'ਤੇ ਗੁਜ਼ਾਰਾ ਕਰਨ ਵਾਲੇ ਅਤੇ ਪੰਜਾਬ ਦੇ ਪ੍ਰਾਇਮਰੀ ਸਕੂਲਾਂ ਵਿੱਚ ਕਈ-ਕਈ ਸਾਲਾਂ ਤੋਂ ਪੂਰੇ ਸਿਰੜ ਨਾਲ ਪੜ੍ਹਾਉਣ ਦੇ ਕਾਰਜ ਵਿੱਚ ਲੱਗੇ ਕੱਚੇ ਅਧਿਆਪਕਾਂ ਨੂੰ ਪੱਕਾ ਕਰਨ ਦੀ ਚੋਣਾਵੀ ਗਰੰਟੀ ਨੂੰ ਹਾਲੇ ਤੱਕ ਜ਼ਮੀਨੀ ਪੱਧਰ 'ਤੇ ਲਾਗੂ ਕਰਨ ਵਿੱਚ 'ਆਪ' ਸਰਕਾਰ ਨਾ-ਕਾਮਯਾਬ ਰਹੀ ਹੈ। ਉਨ੍ਹਾਂ ਕਿਹਾ ਕਿ ਸਰਕਾਰੀ ਐਲਾਨ ਅਨੁਸਾਰ ਸਿੱਖਿਆ ਪ੍ਰੋਵਾਈਡਰ, ਆਈ.ਈ.ਵੀ. ਵਲੰਟੀਅਰ ਸਮੇਤ 14000 ਕਰਮਚਾਰੀਆਂ ਨੂੰ ਬਿਨਾਂ ਦੇਰੀ ਰੈਗੂਲਰ ਪੱਤਰ ਜਾਰੀ ਕੀਤੇ ਜਾਣੇ ਚਾਹੀਦੇ ਹਨ। ਆਗੂਆਂ ਨੇ ਮੰਗ ਕੀਤੀ ਕਿ ਇਨ੍ਹਾਂ ਕਰਮਚਾਰੀਆਂ ਨੂੰ ਪਰਖ ਸਮੇਂ ਦੌਰਾਨ ਪੰਜਾਬ ਤਨਖਾਹ ਸਕੇਲ ਅਨੁਸਾਰ ਪੂਰੀਆਂ ਤਨਖਾਹਾਂ ਮਿਲਣੀਆਂ ਯਕੀਨੀ ਬਣਾਈਆਂ ਜਾਣ। ਬਾਕੀ ਰਹਿੰਦੇ ਈ.ਜੀ.ਐੱਸ., ਐੱਸ.ਟੀ.ਆਰ. ਅਤੇ ਏ.ਆਈ.ਈ. ਵਲੰਟੀਅਰ ਅਧਿਆਪਕਾਂ ਨੂੰ ਵੀ ਰੈਗੂਲਰ ਕਰਨ ਦੀ ਪ੍ਰਕ੍ਰਿਆ ਜਲਦ ਸ਼ੁਰੂ ਕੀਤੀ ਜਾਵੇ ।

ਸ੍ਰੀ ਮੁਕਤਸਰ ਸਾਹਿਬ

ਮੋਗਾ

ਮਾਨਸਾ

ਮਹਿਲ ਕਲਾਂ

ਮੋਗਾ (ਅਮਰਜੀਤ ਬੱਬਰੀ) : ਸੰਗਰੂਰ ਵਿੱਚ ਕੱਚੇ ਅਧਿਆਪਕਾਂ ਦੇ ਲੱਗੇ ਪੱਕੇ ਮੋਰਚੇ ਵੱਲੋਂ ਰੈਗੂਲਰ ਹੋਣ ਲਈ ਬੀਤੇ ਲੰਮੇ ਸਮੇਂ ਤੋਂ ਪੱਕਾ ਧਰਨਾ ਲਗਾਇਆ ਹੋਇਆ ਹੈ। ਬੀਤੇ ਦਿਨ ਇਨ੍ਹਾਂ ਕੱਚੇ ਅਧਿਆਪਕਾਂ ਵੱਲੋਂ ਮੁੱਖ ਮੰਤਰੀ ਭਗਵੰਤ ਮਾਨ ਦੀ ਕੋਠੀ ਵੱਲ ਜਾ ਰਹੇ ਮਾਰਚ ਨੂੰ ਰੋਕਣ ਲਈ ਸੰਗਰੂਰ ਪੁਲਸ ਨੇ ਇਨ੍ਹਾਂ ਅਧਿਆਪਕਾਂ 'ਤੇ ਅੰਨੇਵਾਹ ਬੇਰਹਿਮੀ ਨਾਲ ਲਾਠੀਚਾਰਜ ਕੀਤਾ। ਇਸ ਲਾਠੀਚਾਰਜ ਵਿੱਚ ਅਨੇਕਾਂ ਮਹਿਲਾ ਅਧਿਆਪਕਾਂ ਦੇ ਗੰਭੀਰ ਸੱਟਾਂ ਲੱਗੀਆਂ, ਪੁਰਸ਼ ਅਧਿਆਪਕਾਂ ਦੀਆਂ ਪੱਗਾਂ ਪੈਰਾਂ ਵਿੱਚ ਰੁਲਦੀਆਂ ਵੇਖੀਆਂ ਗਈਆਂ ਅਤੇ ਇਨ੍ਹਾਂ ਕੱਚੇ ਅਧਿਆਪਕਾਂ ਦੀ ਧੂਹ ਘਸੀਸ ਕੀਤੀ ਗਈ। ਭਾਰਤੀਯ ਮਜ਼ਦੂਰ ਸੰਘ ਦੇ ਜ਼ਿਲ੍ਹਾ ਪ੍ਰਧਾਨ ਵਿਜੇ ਧੀਰ ਐਡਵੋਕੇਟ, ਕ੍ਰਾਂਤੀਕਾਰੀ ਭੱਠਾ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਪ੍ਰਵੀਨ ਕੁਮਾਰ ਸ਼ਰਮਾ, ਸਾਬਕਾ ਮੈਂਬਰ ਪਾਰਲੀਮੈਂਟ ਕੇਵਲ ਸਿੰਘ ਅਤੇ ਮਿਡ ਡੇ ਮੀਲ ਕੁੱਕ ਯੂਨੀਅਨ ਦੇ ਸੂਬਾ ਪ੍ਰਧਾਨ ਕਰਮ ਚੰਦ ਚੰਡਾਲੀਆ ਨੇ ਕੱਚੇ ਅਧਿਆਪਕਾਂ 'ਤੇ ਕੀਤੇ ਗਏ ਇਸ ਗੈਰ ਮਨੁੱਖੀ ਲਾਠੀਚਾਰਜ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਅਤੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਦਾ ਅਸਲੀ ਚਿਹਰਾ ਬੇਨਕਾਬ ਹੋ ਗਿਆ ਹੈ। ਇਸ ਮੌਕੇ ਭਾਰਤੀਯ ਮਜ਼ਦੂਰ ਸੰਘ ਦੇ ਜ਼ਿਲ੍ਹਾ ਪ੍ਰਧਾਨ ਵਿਜੇ ਧੀਰ ਐਡਵੋਕੇਟ ਨੇ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਭਗਵੰਤ ਮਾਨ ਸਰਕਾਰ 'ਤੇ ਵਿਅੰਗ ਕੱਸਦਿਆਂ ਕਿਹਾ ਕਿ ਕੱਚੇ ਮੁਲਾਜ਼ਮਾਂ 'ਤੇ ਇਹ ਲਾਠੀਚਾਰਜ ਕਰਕੇ ਭਗਵੰਤ ਮਾਨ ਸਰਕਾਰ ਨੇ ਕਿਤੇ ਪੰਜਾਬ ਭਰ ਦੇ ਸੰਘਰਸ਼ਸ਼ੀਲ ਮੁਲਾਜ਼ਮਾਂ ਨੂੰ ਇਹ ਸੰਦੇਸ਼ ਤਾਂ ਨਹੀਂ ਦਿੱਤਾ ਕਿ ਕੱਚੇ ਅਧਿਆਪਕਾਂ ਨੂੰ ਪੱਕੇ ਕਰਨ ਦਾ ਉਨ੍ਹਾਂ ਦੀ ਆਮ ਆਦਮੀ ਪਾਰਟੀ ਦੇ ਚੋਣ ਮੈਨੀਫੈਸਟੋ ਵਿੱਚ ਕੀਤੇ ਗਏ ਵਾਅਦੇ ਦਾ ਮਤਲਬ ਸੀ ਕਿ ਕੱਚੇ ਅਧਿਆਪਕਾਂ ਨੂੰ ਕੁੱਟ ਕੁੱਟ ਕੇ ਪੱਕਾ ਕੀਤਾ ਜਾਵੇਗਾ। ਇਸ ਮੌਕੇ ਭਾਰਤੀਯ ਮਜ਼ਦੂਰ ਸੰਘ ਦੇ ਵਰਕਰਾਂ ਨੇ ਪੰਜਾਬ ਸਰਕਾਰ ਵਿਰੁੱਧ ਜੰਮ ਕੇ ਨਾਅਰੇਬਾਜ਼ੀ ਕੀਤੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਈ ਰਿਕਸ਼ਾ ਮਜ਼ਦੂਰ ਸੰਘ ਦੇ ਪ੍ਰਧਾਨ ਜਸਵਿੰਦਰ ਸਿੰਘ ਡੱਡ, ਮੇਜਰ ਸਿੰਘ ਲੰਡੇ ਕੇ, ਸੋਨੂੰ, ਹਰਜੀਤ ਸਿੰਘ, ਰਿਪੀ, ਛਿੰਦਾ, ਰੇਸ਼ਮ ਸਿੰਘ, ਵਿਜੇ ਕੁਮਾਰ, ਸੋਮਨਾਥ, ਗਗਨ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

ਮਾਨਸਾ (ਧਮਾਰ) : ਬੀਤੇ ਦਿਨੀਂ ਆਪਣੀਆਂ ਸੇਵਾਵਾਂ ਨੂੰ ਰੈਗੂਲਰ ਕਰਵਾਉਣ ਲਈ ਸੰਗਰੂਰ ਵਿੱਚ ਸੰਘਰਸ਼ ਕਰ ਰਹੇ ਕੱਚੇ ਅਧਿਆਪਕਾਂ 'ਤੇ ਪੁਲਿਸ ਵੱਲੋਂ ਲਾਠੀਚਾਰਜ ਅਤੇ ਹਿਰਾਸਤ ਵਿੱਚ ਲੈਣ ਦੇ ਸਾਰੇ ਘਟਨਾਕ੍ਰਮ ਦੇ ਰੋਸ ਵਜੋਂ ਅੱਜ ਪਿੰਡ ਭੈਣੀ ਬਾਘਾ ਵਿੱਚ ਸੂਬਾ ਸਰਕਾਰ ਦੀ ਅਰਥੀ ਫੂਕ ਕੇ ਜ਼ੋਰਦਾਰ ਪ੍ਰਦਰਸ਼ਨ ਵੀ ਕੀਤਾ। ਇਸ ਮੌਕੇ ਪੱਤਰਕਾਰਾਂ ਨੂੰ ਮੁਖਾਤਿਬ ਹੁੰਦਿਆਂ ਸੂਬਾ ਕਮੇਟੀ ਮੈਂਬਰ ਮੱਖਣ ਸਿੰਘ ਭੈਣੀ ਬਾਘਾ ਨੇ ਕਿਹਾ ਕਿ ਪਿਛਲੇ ਕਰੀਬ 10 ਸਾਲਾਂ ਤੋਂ ਉੱਪਰ ਸਮੇਂ ਤੋਂ ਨਿਰੰਤਰ ਸੇਵਾ ਦੇ ਰਹੇ 8736 ਅਧਿਆਪਕਾਂ ਵੱਲੋਂ ਆਪਣੀਆਂ ਜਾਇਜ਼ ਮੰਗਾਂ ਨੂੰ ਲੈ ਕੇ ਭਗਵੰਤ ਸਿੰਘ ਮਾਨ ਦੀ ਕੋਠੀ ਅੱਗੇ ਧਰਨਾ ਦਿੱਤਾ ਗਿਆ ਪਰ ਸਰਕਾਰ ਵੱਲੋਂ ਮੰਗਾਂ ਮੰਨਣ ਦੀ ਬਜਾਏ ਲਾਠੀਚਾਰਜ ਕਰਕੇ ਜਮਹੂਰੀ ਹੱਕਾਂ ਦਾ ਘਾਣ ਕੀਤਾ ਹੈ। ਗੌਰਤਲਬ ਹੈ ਕਿ ਪਿਛਲੇ ਦਿਨੀਂ ਮੁੱਖ ਮੰਤਰੀ ਵੱਲੋਂ ਕੋਈ ਵੀ ਸਰਵਿਸ ਰੂਲ ਲਾਗੂ ਨਾ ਕਰਕੇ ਸਿਰਫ ਤਨਖਾਹਾਂ ਵਿੱਚ ਵਾਧੇ ਦੀ ਇੱਕ ਵੀਡੀਓ ਸੋਸ਼ਲ ਮੀਡੀਆ 'ਤੇ ਪਾਈ ਗਈ ਸੀ। ਕਿਸਾਨ ਆਗੂ ਨੇ ਇਸ ਬਾਰੇ ਬੋਲਦਿਆਂ ਕਿਹਾ ਕਿ ਸਰਵਿਸ ਰੂਲ ਲਾਗੂ ਨਾ ਕਰਨਾ ਸਰਕਾਰ ਦੀ ਇੱਕ ਕੋਝੀ ਚਾਲ ਹੈ ਜਿਸ ਤਹਿਤ ਸਰਕਾਰ ਕਦੇ ਵੀ ਦੁਬਾਰਾ ਤਨਖਾਹਾਂ ਵਿੱਚ ਫੇਰਬਦਲ ਕਰ ਸਕਦੀ ਹੈ। ਉਨ੍ਹਾਂ ਸਰਕਾਰ ਨੂੰ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਇਸ ਨਾਦਰਸ਼ਾਹੀ ਰਵੱਈਏ ਦਾ ਖਮਿਆਜ਼ਾ ਸਰਕਾਰ ਨੂੰ ਆਉਣ ਵਾਲੇ ਸਮੇਂ ਵਿੱਚ ਭੁਗਤਣਾ ਪਵੇਗਾ। ਇਸ ਅਰਥੀ ਫੂਕ ਮੁਜ਼ਾਹਰੇ ਵਿੱਚ ਕਾਕਾ ਸਿੰਘ, ਦਾਰਾ ਸਿੰਘ, ਗੁਰਦੇਵ ਸਿੰਘ, ਅੰਗਰੇਜ ਚਹਿਲ, ਰਾਣੀ ਕੌਰ, ਗੁਰਵਿੰਦਰ ਕੌਰ, ਪ੍ਰੀਤ ਬੇਗਮ, ਕਰਮਜੀਤ ਕੌਰ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਔਰਤਾਂ ਅਤੇ ਕਿਸਾਨ-ਮਜ਼ਦੂਰ ਵੀ ਸ਼ਾਮਲ ਹੋਏ।

ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ) : ਮੁੱਖ ਮੰਤਰੀ ਦੀ ਕੋਠੀ ਦਾ ਘਿਰਾਓ ਕਰਨ ਜਾ ਰਹੇ ਅਧਿਆਪਕਾਂ 'ਤੇ ਪੰਜਾਬ ਪੁਲਸ ਵਲੋਂ ਲਾਠੀਚਾਰਜ ਵਿਰੁੱਧ ਕਸਬਾ ਮਹਿਲ ਕਲਾਂ ਦੇ ਚੌਕ 'ਚ ਲੁਧਿਆਣਾ-ਬਠਿੰਡਾ ਮੁੱਖ ਮਾਰਗ 'ਤੇ ਪੰਜਾਬ ਸਰਕਾਰ ਦਾ ਪੁਤਲਾ ਸਾੜ ਕੇ ਰੋਸ ਪ੍ਰਦਰਸ਼ਨ ਕੀਤਾ ਗਿਆ। ਡੈਮੋਕ੍ਰੇਟਿਕ ਮੁਲਾਜ਼ਮ ਫੈਡਰੇਸ਼ਨ ਬਰਨਾਲਾ ਦੇ ਜ਼ਿਲ੍ਹਾ ਸਕੱਤਰ ਬਲਜਿੰਦਰ ਪ੍ਰਭੂ ਨੇ ਕਿਹਾ ਕਿ ਅਧਿਆਪਕਾਂ 'ਤੇ ਢਾਹੇ ਗਏ ਇਸ ਤਸ਼ੱਦਦ ਨਾਲ ਸਰਕਾਰ ਦਾ ਲੋਕ ਵਿਰੋਧੀ ਚਿਹਰਾ ਨੰਗਾ ਹੋ ਗਿਆ ਹੈ। ਬੀ ਕੇ ਯੂ ਏਕਤਾ ਡਕੌਂਦਾ ਦੇ ਜਗਰਾਜ ਹਰਦਾਸਪੁਰਾ ਨੇ ਸਰਕਾਰ ਦੀ ਇਸ ਕਾਰਵਾਈ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ। ਬਰਨਾਲਾ ਤੋਂ ਡੀ.ਟੀ.ਐੱਫ ਪੰਜਾਬ ਦੇ ਸੂਬਾ ਮੀਤ ਪ੍ਰਧਾਨ ਰਾਜੀਵ ਬਰਨਾਲਾ ਸਮੇਤ ਅਨੇਕਾਂ ਕੱਚੇ ਅਧਿਆਪਕਾਂ ਨੂੰ ਗ੍ਰਿਫਤਾਰ ਕਰਕੇ ਆਪਣਾ ਅਸਲ ਚਿਹਰਾ ਦਿਖਾ ਦਿੱਤਾ ਹੈ। ਆਗੂਆਂ ਨੇ ਕਿਹਾ ਕਿ ਚੋਣਾਂ ਤੋਂ ਪਹਿਲਾਂ ਭਗਵੰਤ ਮਾਨ ਅਤੇ ਕੇਜਰੀਵਾਲ ਨੇ ਕੱਚੇ ਅਧਿਆਪਕਾਂ ਨੂੰ ਰੈਗੂਲਰ ਕਰਨ ਦਾ ਵਾਅਦਾ ਕੀਤਾ ਸੀ ਪਰ ਸਰਕਾਰ ਨੇ ਅਧਿਆਪਕਾਂ ਨੂੰ ਰੈਗੂਲਰ ਕਰਕੇ ਸਾਰੇ ਭੱਤੇ ਦੇਣ ਦੀ ਬਜਾਏ ਤਨਖਾਹ ਵਿੱਚ ਉਕਾ ਪੁੱਕਾ ਵਾਧਾ ਕਰਕੇ ਵਾਅਦਾ ਖਿਲਾਫੀ ਕੀਤੀ ਹੈ। ਬੀ.ਕੇ.ਯੂ. ਏਕਤਾ ਡਕੌਂਦਾ ਦੇ ਬਲਾਕ ਪ੍ਰਧਾਨ ਅਮਰਜੀਤ ਸਿੰਘ ਮਹਿਲ ਖੁਰਦ, ਮੈਂ ਪੰਜਾਬੀ ਮੰਚ ਦੇ ਆਗੂ ਹਰਜੀਤ ਸਿੰਘ ਖ਼ਿਆਲੀ ਨੇ ਕਿਹਾ ਕਿ ਸਰਕਾਰ ਅਧਿਆਪਕਾਂ ਦੀਆਂ ਮੰਗਾਂ ਪੂਰੀਆਂ ਕਰਕੇ ਟੈਂਕੀ ਉੱਪਰ ਚੜ੍ਹੇ ਅਧਿਆਪਕਾਂ ਨੂੰ ਹੇਠਾਂ ਉਤਾਰ ਕੇ ਸਕੂਲ ਭੇਜਣ ਵੱਲ ਕਦਮ ਵਧਾਵੇ ਨਾ ਕਿ ਡਾਂਗਾਂ ਦੇ ਜ਼ੋਰ 'ਤੇ ਅਧਿਆਪਕਾਂ ਦੀਆਂ ਮੰਗਾਂ ਨੂੰ ਦਰੜਨ ਦੇ ਰਾਹ ਚੱਲੇ। ਇਸ ਮੌਕੇ ਬੀ.ਕੇ.ਯੂ. ਏਕਤਾ ਡਕੌਂਦਾ ਦੇ ਮਲਕੀਤ ਸਿੰਘ ਈਨਾ, ਰਜਿੰਦਰ ਕੁਮਾਰ, ਸੁਰਿੰਦਰ ਕੁਤਬਾ, ਬਿਕਰਮਜੀਤ ਸਿੰਘ ਜਤਿੰਦਰ ਸਿੰਘ, ਹਰਜਿੰਦਰ ਸਿੰਘ, ਲਖਵੰਤ ਸਿੰਘ ਅਤੇ ਗੁਰਪ੍ਰੀਤ ਸਿੰਘ ਹਾਜ਼ਰ ਸਨ।

ਸੀਨੀਅਰ ਸਿਟੀਜ਼ਨ ਤੇ ਪੈਨਸ਼ਨਰ ਐਸੋਸੀਏਸ਼ਨ ਗਿੱਦੜਬਾਹਾ ਦੀ ਮੀਟਿੰਗ

ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)

ਸੀਨੀਅਰ ਸਿਟੀਜ਼ਨ ਤੇ ਪੈਨਸ਼ਨਰ ਐਸੋਸੀਏਸ਼ਨ ਗਿੱਦੜਬਾਹਾ ਦੀ ਮੀਟਿੰਗ 'ਚ ਬੀਬੀ ਗੁਰਦਿਆਲ ਕੌਰ ਮੱਲਣ ਦੀ ਪ੍ਰਧਾਨਗੀ ਵਿੱਚ ਅੱਜ ਮਾਤਾ ਸਾਹਿਬ ਕੌਰ ਨਰਸਿੰਗ ਇੰਸਟੀਚਿਊਟ ਵਿਖੇ ਹੋਈ। ਇਸ ਮੀਟਿੰਗ ਵਿੱਚ ਸੀਨੀਅਰ ਸਿਟੀਜ਼ਨ ਤੇ ਪੈਨਸ਼ਨਰਾਂ ਨੂੰ ਆਉਣ ਵਾਲੀਆਂ ਸਮੱਸਿਆਵਾਂ ਸੰਬੰਧੀ ਖੁੱਲ੍ਹ ਕੇ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਬਲਵਿੰਦਰ ਸਿੰਘ ਬਰਾੜ ਨੇ ਦੱਸਿਆ ਕਿ ਇਸ ਮੌਕੇ ਵੱਖ ਵੱਖ ਬੁਲਾਰਿਆਂ ਤੋਂ ਇਲਾਵਾ ਡਾ. ਜੀ ਐਸ ਬਾਵਾ ਅਤੇ ਪ੍ਰਿੰਸੀਪਲ ਅਰੁਣ ਕੁਮਾਰ ਨੇ ਆਪਣੇ ਵਿਚਾਰ ਸਾਂਝੇ ਕਰਦੇ ਹੋਏ ਕਿਹਾ ਕਿ ਬੱਚਿਆਂ ਨੂੰ ਬਜ਼ੁਰਗਾਂ ਦਾ ਹਮੇਸ਼ਾ ਹੀ ਸਤਿਕਾਰ ਕਰਨਾ ਚਾਹੀਦਾ ਹੈ । ਇਸ ਮੌਕੇ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ 200 ਰੁਪਏ ਕਰਮਚਾਰੀਆਂ ਦੀ ਤਨਖਾਹ ਵਿੱਚੋਂ ਕੱਟਣ 'ਤੇ ਰੋਸ ਪ੍ਰਗਟ ਕਰਦਿਆਂ ਸਰਕਾਰ ਤੋਂ ਪੁਰਜ਼ੋਰ ਮੰਗ ਕੀਤੀ ਕਿ ਪੰਜਾਬ ਸਰਕਾਰ ਕਰਮਚਾਰੀਆਂ ਦੀ ਤਨਖਾਹਾਂ ਵਿੱਚੋਂ ਪੈਸੇ ਨਾ ਕੱਟੇ ਜਾਣ ਇਸ ਸੰਬੰਧੀ ਸਾਰਿਆਂ ਨੇ ਸਰਬਸੰਮਤੀ ਨਾਲ ਮਤਾ ਵੀ ਪਾਸ ਕੀਤਾ। ਇਸ ਮੌਕੇ ਮਾਸਟਰ ਸਰਿੰਦਰ ਸਿੰਘ, ਜਸਪਾਲ ਸਿੰਘ ਢਿੱਲੋਂ, ਪਿੰਸੀਪਲ ਅਰੁਣ ਕੁਮਾਰ, ਬਲਤੇਜ ਸਿੰਘ ਅਤੇ ਪਟਵਾਰੀ ਸੁਰਿੰਦਰ ਸਿੰਘ ਦਾ ਜਨਮ ਦਿਨ ਕੇਕ ਕੱਟ ਕੇ ਮਨਾਇਆ ਗਿਆ। ਸਾਰਿਆਂ ਨੇ ਇਨ੍ਹਾਂ ਨੂੰ ਆਪਣੀਆਂ ਸ਼ੁਭਕਾਮਨਾਵਾਂ ਵੀ ਦਿੱਤੀਆਂ। ਇਸ ਮੌਕੇ ਬੱਗਰ ਸਿੰਘ, ਕੁਲਵੰਤ ਸਿੰਘ, ਦਰਸਨ ਸਿੰਘ ਬਰਾੜ, ਸਾਬਕਾ ਸਰਪੰਚ ਜਗਜੀਤ ਸਿੰਘ, ਸੁਰਜੀਤ ਸਿੰਘ, ਧਨੀ ਰਾਮ ਅਤੇ ਅਸ਼ੋਕ ਕੁਮਾਰ ਆਦਿ ਹਾਜ਼ਰ ਸਨ।

ਅੱਜ ਦੇ ਸੰਘਰਸ਼ 'ਚ ਸਿਹਤ ਕਾਮੇ ਕਰਨਗੇ ਭਰਵੀਂ ਸ਼ਮੂਲੀਅਤ

ਮੋਗਾ (ਅਮਰਜੀਤ ਬੱਬਰੀ)-ਸਿਹਤ ਵਿਭਾਗ 'ਚ ਨਜਾਇਜ਼ ਤੌਰ 'ਤੇ ਕੀਤੀਆਂ ਗਈਆਂ ਬਦਲੀਆਂ ਦੇ ਵਿਰੋਧ ਵਿੱਚ ਜਬਰ ਵਿਰੋਧੀ ਸੰਘਰਸ਼ ਕਮੇਟੀ ਦੇ ਸੱਦੇ ਤੇ 3 ਜੁਲਾਈ ਨੂੰ ਮੋਗਾ ਵਿਖੇ ਕੀਤੇ ਜਾ ਰਹੇ ਸਾਂਝੇ ਸੰਘਰਸ਼ ਵਿੱਚ ਸਿਹਤ ਵਿਭਾਗ ਦੇ ਕਰਮਚਾਰੀ ਵਧ ਚੜ੍ਹ ਕੇ ਹਿੱਸਾ ਲੈਣਗੇ ਤਾਂ ਜੋ ਮੁਲਾਜ਼ਮਾਂ ਨਾਲ ਹੁੰਦੇ ਜਬਰ ਨੂੰ ਰੋਕਿਆ ਜਾ ਸਕੇ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਮਲਟੀਪਰਪਜ਼ ਹੈਲਥ ਇੰਪਲਾਈਜ਼ ਯੂਨੀਅਨ ਪੰਜਾਬ ਦੇ ਪ੍ਰਧਾਨ ਕੁਲਬੀਰ ਸਿੰਘ ਮੋਗਾ ਨੇ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਦੱਸਿਆ ਕਿ ਸਿਹਤ ਵਿਭਾਗ ਵਿੱਚ ਸਾਥੀ ਮਹਿੰਦਰ ਪਾਲ ਲੂੰਬਾ ਸਮੇਤ ਕਈ ਸਿਹਤ ਕਰਮਚਾਰੀਆਂ

page-6-3-(JULY)-2023-G-(BV)31.qxd 7/2/2023 10:05 PM Page 1

'ਸਹਜ ਫੁਲਕਾਰੀ' ਜੇਲ੍ਹ 'ਚ ਬੰਦੀ ਔਰਤਾਂ ਲਈ ਉਪਜੀਵਕਾ ਦਾ ਨਿਵੇਕਲਾ ਕਦਮ

ਫਤਹਿਗੜ੍ਹ ਸਾਹਿਬ, (ਪ੍ਰਮੋਦ ਭਾਰਦਵਾਜ)-ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਫਤਹਿਗੜ੍ਹ ਸਾਹਿਬ ਵੱਲੋਂ ਮਨਜਿੰਦਰ ਸਿੰਘ, ਮੈਂਬਰ ਸਕੱਤਰ, ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਅਤੇ ਅਰੁਣ ਗੁਪਤਾ, ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ ਕਮ ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਫਤਹਿਗੜ੍ਹ ਸਾਹਿਬ ਦੀ ਯੋਗ ਅਗਵਾਈ ਹੇਠ ਅੱਜ ਨਵੀਂ ਜ਼ਿਲ੍ਹਾ ਜੇਲ੍ਹ ਨਾਭਾ ਵਿਖੇ ਇੱਕ ਵੱਖਰੀ ਪਹਿਲ ਕਰਦਿਆਂ ਜੇਲ੍ਹ ਵਿੱਚ ਬੰਦ ਔਰਤਾਂ ਲਈ ਉਨ੍ਹਾਂ ਦੀ ਜੇਲ੍ਹ ਅਤੇ ਜੇਲ੍ਹ ਤੋਂ ਰਿਹਾਈ ਤੋਂ ਬਾਅਦ ਦੇ ਸਮੇਂ ਦੌਰਾਨ ਉਨ੍ਹਾਂ ਅਤੇ ਉਨ੍ਹਾਂ ਦੇ ਪਰਵਾਰ ਦੀ ਰੋਜ਼ੀ ਰੋਟੀ ਅਤੇ ਰੋਜ਼ਾਨਾ ਦੀ ਉਪਜੀਵਕਾ ਲਈ "ਸਹਜ ਫੁਲਕਾਰੀ" ਨਾਂ ਦੀ ਇੱਕ ਨਿਵੇਕਲੀ ਪਹਿਲ ਕਦਮੀ ਕਰਦਿਆਂ ਨਵੀਂ ਜ਼ਿਲ੍ਹਾ ਜੇਲ੍ਹ ਵਿੱਚ ਬੰਦੀ ਔਰਤਾਂ ਲਈ ਸਿਲਾਈ, ਕਢਾਈ ਅਤੇ ਫੁਲਕਾਰੀ ਕੱਢਣ ਦੀ ਟਰੇਨਿੰਗ ਸ਼ੁਰੂ ਕਰਵਾਈ ਗਈ ਜਿਸ ਵਿੱਚ ਕਿ 30-40 ਔਰਤਾਂ ਨੂੰ 2-3 ਮਹੀਨੇ ਦੀ ਸਿਖਲਾਈ ਦੇ ਕੇ ਉਨਾਂ ਨੂੰ ਪੈਰਾਂ 'ਤੇ ਖੜ੍ਹਾ ਕੀਤਾ ਜਾਵੇਗਾ ਤਾਂ ਜੋ ਉਹ ਜੇਲ੍ਹ ਵਿੱਚ ਬੰਦੀ ਦੌਰਾਨ ਅਤੇ ਰਿਹਾਈ ਤੋਂ ਬਾਅਦ ਵੀ ਇਸ ਸਿੱਖੇ ਹੋਏ ਕੰਮ ਤੋਂ ਆਪਣੀ ਉਪਜੀਵਕਾ, ਰੋਜ਼ੀ ਰੋਟੀ ਵਧੀਆ ਤਰੀਕੇ ਨਾਲ ਚਲਾ ਸਕਣ ਅਤੇ ਆਤਮ ਨਿਰਭਰ ਹੋ ਸਕਣ। ਇਸ ਪ੍ਰੋਗਰਾਮ ਵਿੱਚ ਇਨ੍ਹਾਂ ਬੰਦੀ ਔਰਤਾਂ ਲਈ 2 ਅਧਿਆਪਕਾਵਾਂ ਦਾ ਪ੍ਰਬੰਧ ਕੀਤਾ ਗਿਆ ਅਤੇ ਲੋੜੀਂਦਾ ਸਮਾਨ ਵੀ ਮੁਹੱਈਆ ਕਰਵਾਇਆ ਗਿਆ। ਮਨਪ੍ਰੀਤ ਕੌਰ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨੇ ਦੱਸਿਆ ਕਿ "ਸਹਜ ਫੁਲਕਾਰੀ" ਦੀ ਇਸ ਪਹਿਲਕਦਮੀ ਵਿੱਚ ਬੰਦੀ ਔਰਤਾਂ ਨੂੰ ਆਤਮ ਨਿਰਭਰ ਕਰਨ ਦੇ ਨਾਲ ਇਸ ਗੱਲ ਦਾ ਵੀ ਉਚੇਚਾ ਪ੍ਰਬੰਧ ਕੀਤਾ ਗਿਆ ਹੈ ਕਿ ਉਨ੍ਹਾਂ ਵੱਲੋਂ ਆਪਣੇ ਹੱਥੀਂ ਤਿਆਰ ਕੀਤਾ ਸਿਲਾਈ, ਕਢਾਈ ਅਤੇ ਫੁਲਕਾਰੀ ਦਾ ਸਮਾਨ ਬਜ਼ਾਰ ਵਿੱਚ ਵਿਕਰੀ ਲਈ ਆ ਸਕੇ ਕਿਉਂਕਿ ਫੁਲਕਾਰੀ ਅਤੇ ਕਢਾਈ ਦੇ ਕੰਮ ਦੀ ਉੱਤਰੀ ਭਾਰਤ ਸਮੇਤ ਵਿਦੇਸ਼ਾਂ ਵਿੱਚ ਬਹੁਤ ਮੰਗ ਹੈ। ਮਨਪ੍ਰੀਤ ਕੌਰ ਨੇ ਇਹ ਵੀ ਦੱਸਿਆ ਕਿ ਇਸ ਨਿਵੇਕਲੀ ਪਹਿਲਕਦਮੀ ਦਾ ਮਕਸਦ ਇਹ ਸੁਨਿਸਚਿਤ ਕਰਨਾ ਹੈ ਕਿ ਬੰਦੀ ਔਰਤਾਂ ਇਸ ਦੌਰ ਨੂੰ ਸਜ਼ਾ ਦੇ ਤੌਰ 'ਤੇ ਨਾ ਲੈ ਕੇ ਇਸ ਨੂੰ ਸੁਧਾਰ ਦੇ ਤੌਰ 'ਤੇ ਲੈਣ ਤਾਂ ਕਿ ਉਨ੍ਹਾਂ ਦੀ ਜ਼ਿੰਦਗੀ ਵਿੱਚ ਨਵਾਂ ਦੌਰ ਸ਼ੁਰੂ ਹੋ ਸਕੇ। ਇਹ ਟਰੇਨਿੰਗ ਮਾਸਟਰ ਟਰੇਨਰ ਮੈਡਮ ਰੇਖਾ ਮਾਨ, ਕੌਮੀ ਐਵਾਰਡੀ ਦੀ ਦੇਖ ਰੇਖ ਵਿੱਚ ਹੋਵੇਗੀ। ਇਸ ਪਹਿਲਕਦਮੀ ਵਿੱਚ ਰੋਟਰੀ ਕਲੱਬ ਪਟਿਆਲਾ ਰੋਏਲ ਅਤੇ ਸ੍ਰੀ ਸ਼ਨੀ ਦੇਵ ਮੰਦਰ ਪ੍ਰਬੰਧਕ ਕਮੇਟੀ ਦਾ ਵੀ ਯੋਗਦਾਨ ਹੈ। ਇਸ ਮੌਕੇ ਰਮਨਦੀਪ ਸਿੰਘ ਭੰਗੂ, ਸੁਪਰਡੈਂਟ, ਨਵੀਂ ਜ਼ਿਲ੍ਹਾ ਜੇਲ੍ਹ, ਨਾਭਾ, ਹਰਪ੍ਰੀਤ ਸਿੰਘ ਕਾਰਜਕਾਰੀ ਉੱਪ ਸੁਪਰਡੈਂਟ, ਪੁਨੀਤ ਗਰਮ, ਸਹਾਇਕ ਸੁਪਰਡੈਂਟ, ਰਾਹੁਲ ਚੌਧਰੀ, ਸਹਾਇਕ ਸੁਪਰਡੈਂਟ, ਹਰਵਿੰਦਰ ਕੌਰ, ਸਕੱਤਰ, ਰੋਟਰੀ ਕਲੱਬ ਪਟਿਆਲਾ ਰੋਇਲ, ਡਾ. ਇੰਦਰਪ੍ਰੀਤ ਸਿੰਘ, ਇੰਜ. ਫੂਲ ਚੰਦ ਅਤੇ ਓਮ ਪ੍ਰਕਾਸ਼, ਪ੍ਰਧਾਨ ਸ੍ਰੀ ਸ਼ਨੀ ਦੇਵ ਮੰਦਰ ਪ੍ਰਬੰਧਕ ਕਮੇਟੀ ਨਾਭਾ ਵੀ ਇਸ ਮੌਕੇ ਹਾਜ਼ਰ ਸਨ।

ਕਿਸਾਨਾਂ ਨੂੰ ਯੂਰੀਆ ਮੁਹੱਈਆ ਕਰਵਾਉਣ 'ਚ ਨਾਕਾਮ ਸਾਬਤ ਹੋਈ ਮਾਨ ਸਰਕਾਰ : ਸਹਿਜੜਾ

ਮਹਿਲ ਕਲਾਂ, (ਪ੍ਰਦੀਪ ਸਿੰਘ ਲੋਹਗੜ੍ਹ)-ਝੋਨੇ ਦੇ ਸੀਜ਼ਨ ਦੌਰਾਨ ਕਿਸਾਨਾਂ ਨੂੰ ਯੂਰੀਆ ਮੁਹੱਈਆ ਕਰਵਾਉਣ 'ਚ ਪੰਜਾਬ ਸਰਕਾਰ ਬੁਰੀ ਤਰ੍ਹਾਂ ਨਾਲ ਨਾਕਾਮ ਹੋ ਚੁੱਕੀ ਹੈ, ਕਿਉਂਕਿ ਕਿਸਾਨਾਂ ਨੂੰ ਲੋੜ ਅਨੁਸਾਰ ਯੂਰੀਆ ਨਹੀਂ ਮਿਲ ਰਿਹਾ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਭਾਰਤੀ ਕਿਸਾਨ ਯੂਨੀਅਨ ਕਾਦੀਆਂ ਦੇ ਬਲਾਕ ਪ੍ਰਧਾਨ ਗੁਰਧਿਆਨ ਸਿੰਘ ਸਹਿਜੜਾ ਨੇ ਇੱਥੇ ਗੱਲਬਾਤ ਕਰਦਿਆਂ ਕੀਤਾ। ਉਨ੍ਹਾ ਕਿਹਾ ਕਿ ਅਜੇ ਤੱਕ ਕਿਸਾਨਾਂ ਦੀ ਮੰਗ ਅਨੁਸਾਰ ਸਿਰਫ਼ 25 ਫ਼ੀਸਦੀ ਯੂਰੀਆ ਮਿਲ ਸਕਿਆ ਹੈ। ਜਦੋਂ ਕਿ ਗੁਆਂਢੀ ਸੂਬੇ ਹਰਿਆਣਾ 'ਚ ਯੂਰੀਆ ਆਮ ਹੈ। ਕੋਅਪ੍ਰੇਟਿਵ ਸੁਸਾਇਟੀਆਂ ਤੋਂ ਇਲਾਵਾ ਪ੍ਰਾਈਵੇਟ ਦੁਕਾਨਾਂ 'ਤੇ ਵੀ ਯੂਰੀਆ ਨਹੀਂ ਮਿਲ ਰਿਹਾ। ਉਨ੍ਹਾ ਮੰਗ ਕੀਤੀ ਕਿ ਪੰਜਾਬ ਦੇ ਕਿਸਾਨਾਂ ਨੇ ਰਵਾਇਤੀ ਰਾਜਨੀਤਕ ਪਾਰਟੀਆਂ ਨੂੰ ਲਾਂਭੇ ਕਰਦਿਆਂ ਭਗਵੰਤ ਮਾਨ ਨੂੰ ਪੰਜਾਬ ਦਾ ਮੁੱਖ ਮੰਤਰੀ ਬਣਾਇਆ ਸੀ, ਪਰ ਉਸ ਵੱਲੋਂ ਕਿਸਾਨਾਂ ਦੀਆਂ ਹੱਕੀ ਅਤੇ ਜਾਇਜ਼ ਮੰਗਾਂ ਨੂੰ ਪੂਰਾ ਕਰਨ ਵੱਲ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ। ਆਗੂ ਸਹਿਜੜਾ ਨੇ ਮੰਗ ਕੀਤੀ ਕਿ ਜੇਕਰ ਸਰਕਾਰ ਨੇ ਯੂਰੀਆ ਰੋਹ ਦੀ ਸਪਲਾਈ ਨੂੰ ਤੁਰੰਤ ਚਾਲੂ ਨਾ ਕੀਤਾ ਤਾਂ ਸਮੂਹ ਕਿਸਾਨਾਂ ਨੂੰ ਨਾਲ ਲੈ ਕੇ ਸੰਘਰਸ਼ ਵਿੱਢਿਆ ਜਾਵੇਗਾ।

ਓ.ਡੀ.ਐੱਫ ਪਲੱਸ ਦੇ ਦਰਜੇ ਵਾਲਾ ਸੂਬੇ ਦਾ ਪੰਜਵਾਂ ਜ਼ਿਲ੍ਹਾ ਬਣਿਆ ਫਤਹਿਗੜ੍ਹ ਸਾਹਿਬ : ਡੀ ਸੀ

ਫਤਹਿਗੜ੍ਹ ਸਾਹਿਬ, (ਪ੍ਰਮੋਦ ਭਾਰਦਵਾਜ) -ਵਿਕਾਸ ਪੱਖੋਂ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਨੇ ਇਕ ਹੋਰ ਪੁਲਾਂਘ ਪੁੱਟੀ ਹੈ ਤੇ ਇਹ ਜ਼ਿਲ੍ਹਾ ਓ.ਡੀ.ਐੱਫ. (ਓਪਨ ਡੈਫੇਕੇਸ਼ਨ ਫ੍ਰੀ) ਪਲੱਸ ਸ਼੍ਰੇਣੀ ਵਿੱਚ ਸ਼ਾਮਲ ਹੋਣ ਵਾਲਾ ਸੂਬੇ ਦਾ ਪੰਜਵਾਂ ਜ਼ਿਲ੍ਹਾ ਬਣ ਕੇ ਗਰੀਨ ਸ਼ੋਨ ਵਿੱਚ ਸ਼ਾਮਲ ਹੋ ਗਿਆ ਹੈ। ਇਸ ਤੋਂ ਪਹਿਲਾਂ ਜ਼ਿਲ੍ਹਾ ਬਠਿੰਡਾ, ਸੰਗਰੂਰ, ਐੱਸ. ਏ.ਐੱਸ. ਨਗਰ ਤੇ ਬਰਨਾਲਾ ਇਸ ਸ਼੍ਰੇਣੀ ਵਿੱਚ ਸ਼ਾਮਲ ਹਨ। ਇਹ ਜਾਣਕਾਰੀ ਸਾਂਝੀ ਕਰਦਿਆਂ ਡਿਪਟੀ ਕਮਿਸ਼ਨਰ ਪਰਨੀਤ ਸ਼ੇਰਗਿੱਲ ਨੇ ਇਸ ਖੇਤਰ ਵਿੱਚ ਕਾਰਜਸ਼ੀਲ ਅਧਿਕਾਰੀਆਂ ਤੇ ਕਰਮਚਾਰੀਆਂ ਦੀ ਸ਼ਲਾਘਾ ਕੀਤੀ ਤੇ ਇਸ ਦਿਸ਼ਾ ਵਿੱਚ ਹੋਰ ਵੀ ਬਿਹਤਰ ਕਾਰਗੁਜ਼ਾਰੀ ਲਈ ਪ੍ਰੇਰਿਆ।

ਇਸ ਬਾਬਤ ਹੋਰ ਵੇਰਵੇ ਸਾਂਝੇ ਕਰਦਿਆਂ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਲੋਕਾਂ ਦੀ ਜ਼ਿੰਦਗੀ ਬਿਹਤਰ ਬਣਾਉਣ ਲਈ ਜ਼ਿਲ੍ਹਾ ਪ੍ਰਸ਼ਾਸਨ ਲਗਾਤਾਰ ਯਤਨਸ਼ੀਲ ਹੈ ਤੇ ਤੈਅ ਟੀਚੇ ਮੁਤਾਬਕ ਜ਼ਿਲ੍ਹੇ ਦੇ ਪਿੰਡਾਂ ਸੰਬੰਧੀ ਨਿਰਧਾਰਤ ਫੀਸਦ ਮੁਤਾਬਕ ਪਿੰਡਾਂ ਨੇ ਓ.ਡੀ.ਐੱਫ ਪਲੱਸ ਹੋਣ ਦਾ ਟੀਚਾ ਪ੍ਰਾਪਤ ਕੀਤਾ ਹੈ, ਜਿਸ ਸਦਕਾ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਸੂਬੇ ਵਿਚੋਂ ਪੰਜਵਾਂ ਜ਼ਿਲ੍ਹਾ ਬਣਿਆ ਹੈ, ਜਿਸ ਨੂੰ ਓ.ਡੀ.ਐੱਫ. ਪਲੱਸ ਦਾ ਦਰਜਾ ਪ੍ਰਾਪਤ ਹੋਇਆ ਹੈ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਸਵੱਛ ਭਾਰਤ ਮਿਸ਼ਨ (ਗ੍ਰਾਮੀਣ)-2 ਦੇ ਅਧੀਨ ਪੂਰੇ ਰਾਜ ਵਿੱਚ ਗਿੱਲੇ-ਸੁੱਕੇ ਕੂੜੇ ਦਾ ਪ੍ਰਬੰਧਨ, ਗੰਦੇ ਪਾਣੀ ਦਾ ਪ੍ਰਬੰਧਨ ਅਤੇ ਪਲਾਸਟਿਕ ਵੇਸਟ ਮੈਨੇਜਮੈਂਟ ਦਾ ਕੰਮ ਚੱਲ ਰਿਹਾ ਹੈ। ਰਾਜ ਸਰਕਾਰ ਵੱਲੋਂ ਹਰ ਇੱਕ ਜ਼ਿਲ੍ਹੇ ਲਈ ਇਨ੍ਹਾਂ ਕੰਮਾਂ ਲਈ ਟੀਚਾ ਮਿੱਥਿਆ ਗਿਆ ਸੀ, ਜਿਸ ਨੂੰ ਪੂਰਾ ਕਰਦੇ ਹੋਏ ਜ਼ਿਲ੍ਹੇ ਨੇ ਇਹ ਪ੍ਰਾਪਤੀ ਕੀਤੀ ਹੈ। ਇਹ ਸਭ ਜੋ ਕਿ ਸੰਬੰਧਤ ਵਿਭਾਗਾਂ ਦੇ ਕਰਮਚਾਰੀਆਂ/ ਅਧਿਕਾਰੀਆਂ ਦੀ ਮਿਹਨਤ ਅਤੇ ਲਗਨ ਸਦਕਾ ਹੀ ਸੰਭਵ ਹੋ ਸਕਿਆ ਹੈ। ਓ. ਡੀ. ਐਫ. ਪਲੱਸ ਹੋਏ ਪਿੰਡਾਂ ਵਿੱਚ ਸਫਾਈ ਕਾਰਜਾਂ ਸਦਕਾ ਲੋਕ ਬਿਮਾਰੀਆਂ ਤੋਂ ਬਚੇ ਰਹਿਣਗੇ ਅਤੇ ਪਿੰਡਾਂ ਦੀ ਨੁਹਾਰ ਵਿੱਚ ਨਿਖਾਰ ਆਵੇਗਾ।

ਅਮਿਤ ਕੁਮਾਰ ਗਰੀਬਾ ਗਊ ਰੱਖਿਆ ਦਲ ਦੇ ਜ਼ਿਲ੍ਹਾ ਪ੍ਰਧਾਨ ਬਣੇ

ਸੰਗਰੂਰ (ਪ੍ਰਵੀਨ ਸਿੰਘ)-ਗਊ ਰਕਸ਼ਾ (ਰੱਖਿਆ) ਦਲ ਦੇ ਕੌਮੀ ਪ੍ਰਧਾਨ ਸਤੀਸ਼ ਕੁਮਾਰ ਵੱਲੋਂ ਪੋਟਰ ਯੂਨੀਅਨ ਸੰਗਰੂਰ ਦੇ ਪ੍ਰਧਾਨ ਤੇ ਯੂਥ ਆਗੂ ਅਮਿਤ ਕੁਮਾਰ ਗਰੀਬਾ ਨੂੰ ਉਨ੍ਹਾ ਦੀਆਂ ਗਊ ਮਾਤਾ ਪ੍ਰਤੀ ਸੇਵਾਵਾਂ ਨੂੰ ਦੇਖਦੇ ਹੋਏ ਗਊ ਰੱਖਿਆ ਦਲ ਦਾ ਜ਼ਿਲ੍ਹਾ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਕੌਮੀ ਪ੍ਰਧਾਨ ਸਤੀਸ਼ ਕੁਮਾਰ ਨੇ ਦੱਸਿਆ ਕਿ ਪਿਛਲੇ ਦਿਨੀਂ ਸੰਗਰੂਰ ਸ਼ਹਿਰ ਵਿੱਚ ਗਊ ਮਾਤਾ ਦੀ ਹੱਤਿਆ ਕਰਨ ਵਾਲਿਆਂ ਅਤੇ ਬੇਸਹਾਰਾ ਗਊਆਂ ਨੂੰ ਟਰੱਕ ਵਿੱਚ ਭਰ ਕੇ ਬੁੱਚੜਖਾਨੇ ਲੈ ਕੇ ਜਾਣ ਵਾਲੇ ਗਰੋਹ ਨੂੰ ਅਮਿਤ ਗਰੀਬਾ ਅਤੇ ਟੀਮ ਵੱਲੋਂ ਹੀ ਕਾਬੂ ਕੀਤਾ ਗਿਆ ਸੀ। ਇਸ ਤੋਂ ਇਲਾਵਾ ਅਮਿਤ ਕੁਮਾਰ ਗਰੀਬਾ ਲੰਬੇ ਸਮੇਂ ਤੋਂ ਜ਼ਖਮੀ ਗਊਆਂ ਦੀ ਮੱਲ੍ਹਮ ਪੱਟੀ ਅਤੇ ਸੇਵਾ ਸੰਭਾਲ ਵੀ ਕਰਦੇ ਆ ਰਹੇ ਹਨ। ਉਨ੍ਹਾ ਦੀਆਂ ਇਨ੍ਹਾਂ ਸੇਵਾਵਾਂ ਨੂੰ ਮੁੱਖ ਰੱਖਦੇ ਹੋਏ ਹੀ ਅਮਿਤ ਕੁਮਾਰ ਗਰੀਬਾ ਨੂੰ ਗਊ ਰਕਸ਼ਾ ਦਲ ਦਾ ਜ਼ਿਲ੍ਹਾ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਗੱਲਬਾਤ ਦੌਰਾਨ ਨਵ ਨਿਯੁਕਤ ਜ਼ਿਲ੍ਹਾ ਪ੍ਰਧਾਨ ਅਮਿਤ ਕੁਮਾਰ ਗਰੀਬਾ ਨੇ ਲੋਕਾਂ ਨੂੰ ਦੁੱਧ ਘਟਣ 'ਤੇ ਗਾਵਾਂ ਸੁੰਨੀਆਂ ਨਾ ਛੱਡਣ ਦੀ ਅਪੀਲ ਕਰਦਿਆਂ ਕਿਹਾ ਕਿ ਜਿਸ ਤਰ੍ਹਾਂ ਮਾਂ ਦਾ ਦੁੱਧ ਪੀ ਕੇ ਹਰਾਮ ਨਹੀਂ ਕਰਨਾ ਚਾਹੀਦਾ, ਉਸੇ ਤਰ੍ਹਾਂ ਗਾਂ ਰੂਪੀ ਮਾਂ ਦਾ ਦੁੱਧ ਪੀ ਕੇ ਵੀ ਹਰਾਮ ਨਹੀਂ ਕਰਨਾ ਚਾਹੀਦਾ।

ਜੇ ਤੁਸੀ ਗਾਂ ਨੂੰ ਪਾਲਦੇ ਹੋਏ ਤਾਂ ਦੁੱਧ ਘਟਣ 'ਤੇ ਵੀ ਉਸ ਦੀ ਸੇਵਾ ਕਰੋ। ਉਨ੍ਹਾਂ ਕਿਹਾ ਕਿ ਬੇਸਹਾਰਾ ਗਊਆਂ 'ਤੇ ਅੱਤਿਆਚਾਰ ਸਹਿਣ ਨਹੀਂ ਕੀਤਾ ਜਾਵੇਗਾ। ਗਊਆਂ ਦੇ ਨਾਂਅ 'ਤੇ ਟੈਕਸ ਵਸੂਲਣ ਵਾਲੀਆਂ ਸਰਕਾਰਾਂ ਅਤੇ ਗਊਆਂ ਦੇ ਨਾਂਅ 'ਤੇ ਚੰਦਾ ਇਕੱਠਾ ਕਰਨ ਵਾਲੀਆਂ ਸੰਸਥਾਵਾਂ ਨੂੰ ਮਿਲ ਕੇ ਇਨ੍ਹਾਂ ਬੇਸਹਾਰਾ ਗਊਆਂ ਦੇ ਰਹਿਣ-ਸਹਿਣ ਅਤੇ ਖੁਰਾਕ ਦਾ ਪੱਕਾ ਪ੍ਰਬੰਧ ਕਰਨਾ ਚਾਹੀਦਾ ਹੈ। ਉਨ੍ਹਾਂ ਪਿਛਲੇ ਦਿਨੀਂ ਨਗਰ ਕੌਂਸਲ ਵੱਲੋਂ ਬੇਸਹਾਰਾ ਪਸ਼ੂਆਂ ਨੂੰ ਫੜ ਕੇ ਗਊਸ਼ਾਲਾ ਵਿਖੇ ਛੱਡਣ ਦੀ ਕਾਰਵਾਈ ਦੀ ਸ਼ਲਾਘਾ ਵੀ ਕੀਤੀ।

ਅਧਿਆਪਕ ਸੁਖਦੇਵ ਸਿੰਘ ਸਿੱਧੂ ਦੀ ਸੇਵਾ-ਮੁਕਤੀ ਬਣੀ ਹੋਰਨਾਂ ਲਈ ਮਿਸਾਲ

ਕਾਲਾਂਵਾਲੀ, (ਸੁਰਿੰਦਰ ਪਾਲ ਸਿੰਘ)-ਖੇਡਾਂ ਦੇ ਖੇਤਰ 'ਚ ਅਸੀਮ ਯੋਗਦਾਨ ਦੇਣ ਵਾਲੇ ਅਤੇ ਛੁੱਟੀ ਉਪਰੰਤ ਵੀ ਗਰਾਊਂਡ 'ਚ ਰਹਿਣ ਵਾਲੇ ਪਿੰਡ ਤਖਤਮੱਲ ਦੇ ਵਸਨੀਕ ਅਤੇ ਸਰਕਾਰੀ ਹਾਈ ਸਕੂਲ ਗਾਟਵਾਲੀ ਦੇ ਪੀ ਟੀ ਆਈ ਅਧਿਆਪਕ ਸੁਖਦੇਵ ਸਿੰਘ ਸਿੱਧੂ ਨੂੰ ਸੇਵਾ ਮੁਕਤੀ 'ਤੇ ਸਕੂਲ ਸਟਾਫ, ਐਸ ਐਮ ਸੀ ਕਮੇਟੀ ਅਤੇ ਨਗਰ ਪੰਚਾਇਤ ਵੱਲੋਂ ਪਿਆਰ ਸਤਿਕਾਰ ਭਰੀ ਵਿਦਾਇਗੀ ਦਿੱਤੀ ਗਈ। ਸਮਾਗਮ ਦੇ ਸ਼ੁਰੂ 'ਚ ਸਕੂਲ ਦੇ ਵਿਦਿਆਰਥੀਆਂ ਵੱਲੋਂ ਗੀਤ ਸੰਗੀਤ ਨਾਲ ਮਹਿਮਾਨਾਂ ਨੂੰ ਜੀ ਆਇਆਂ ਕਿਹਾ ਗਿਆ। ਮੁੱਖ ਮਹਿਮਾਨ ਉਪ ਜ਼ਿਲ੍ਹਾ ਸਿੱਖਿਆ ਅਫਸਰ ਇਕਬਾਲ ਸਿੰਘ ਬੁੱਟਰ ਨੇ ਸੰਬੋਧਨ 'ਚ ਕਿਹਾ ਕਿ ਸੁਖਦੇਵ ਸਿੰਘ ਸਿੱਧੂ ਨੇ 26 ਸਾਲ 6 ਮਹੀਨੇ ਦੀਆਂ ਅਧਿਆਪਨ ਸੇਵਾਵਾਂ ਦੌਰਾਨ ਵਿਦਿਆਰਥੀਆਂ ਨੂੰ ਵਿੱਦਿਆ ਦੇ ਨਾਲ ਨਾਲ ਖੇਡ ਗਤੀਵਿਧੀਆਂ 'ਚ ਜਿਸ ਉਚੇ ਮੁਕਾਮ 'ਤੇ ਪਹੁੰਚਾਇਆ ਉਸ ਨੂੰ ਵਿਭਾਗ ਦੇ ਲੋਕ ਹਮੇਸ਼ਾ ਯਾਦ ਰੱਖਣਗੇ। ਇਸ ਮੌਕੇ ਮੁੱਖ ਅਧਿਆਪਕਾ ਸ਼ੈਲੀ ਜਿੰਦਲ ਸਮੇਤ ਖੇਡ ਵਿਭਾਗ ਦੇ ਅਧਿਕਾਰੀਆਂ ਨੇ ਸੁਖਦੇਵ ਸਿੰਘ ਸਿੱਧੂ ਵੱਲੋਂ ਵੱਖ ਵੱਖ ਸਕੂਲਾਂ 'ਚ ਦਿੱਤੀਆਂ ਖੇਡ ਸੇਵਾਵਾਂ ਅਤੇ ਸਕੂਲ ਸਟਾਫ ਸਮੇਤ ਪਿੰਡ ਦੇ ਲੋਕਾਂ ਨਾਲ ਦੋਸਤਾਨਾ ਸੰਬੰਧਾਂ ਅਤੇ ਅਧਿਆਪਕ ਦੀ ਸਖਤ ਮਿਹਨਤ ਦਾ ਬਾਖੂਬੀ ਜ਼ਿਕਰ ਕੀਤਾ। ਇਸ ਮੌਕੇ ਮਾ: ਸੁਰਿੰਦਰਪਾਲ ਸਿੰਘ ਦਾ ਕਹਿਣਾ ਸੀ ਖੇਡ ਮੈਦਾਨ ਦੇ ਆਸ਼ਕ ਪੀ ਟੀ ਆਈ ਸੁਖਦੇਵ ਸਿੰਘ ਵਰਗੇ ਕਰਮਠ ਅਧਿਆਪਕਾਂ ਸਦਕਾ ਹੀ ਪੰਜਾਬ ਖੇਡਾਂ ਦੇ ਖੇਤਰ 'ਚ ਨਵੀਆਂ ਮੱਲਾਂ ਮਾਰ ਰਿਹਾ ਹੈ। ਸਮਾਗਮ 'ਚ ਪਿੰਡ ਦੀ ਪੰਚਾਇਤ, ਵਿੱਦਿਅਕ, ਸਮਾਜਕ ਅਤੇ ਖੇਡ ਰੁਚੀ ਵਾਲੀਆਂ ਹਸਤੀਆਂ ਸਮੇਤ ਵੱਖ ਵੱਖ ਸਕੂਲਾਂ ਦੇ ਅਧਿਆਪਕਾਂ ਨੇ ਆਪਣੇ ਵਿਚਾਰ ਸਾਂਝੇ ਕੀਤੇ। ਆਪਣੇ ਵਿਦਾਇਗੀ ਭਾਸ਼ਨ 'ਚ ਸੁਖਦੇਵ ਸਿੰਘ ਸਿੱਧੂ ਨੇ ਅਧਿਆਪਨ ਤਜਰਬੇ ਸਾਂਝੇ ਕਰਦਿਆਂ ਪਿੰਡ ਗਾਟਵਾਲੀ ਦੇ ਸਟਾਫ ਸਮੇਤ ਵਿਦਿਆਰਥੀਆਂ ਅਤੇ ਪਤਵੰਤਿਆਂ ਵੱਲੋਂ ਮਿਲੇ ਸਨੇਹ ਅਤੇ ਸਹਿਯੋਗ ਦਾ ਜ਼ਿਕਰ ਕੀਤਾ।

ਮੰਚ ਸੰਚਾਲਨ ਮੈਡਮ ਸਰਵਜੀਤ ਕੌਰ ਅਤੇ ਰੋਸ਼ਨੀਬਾਈ ਵੱਲੋਂ ਕੀਤਾ ਗਿਆ। ਸਕੂਲ ਸਟਾਫ, ਪਿੰਡ ਦੇ ਲੋਕਾਂ, ਰਿਸ਼ਤੇਦਾਰਾਂ, ਵੱਖ ਵੱਖ ਸਕੂਲਾਂ ਦੇ ਅਧਿਆਪਕਾਂ ਅਤੇ ਮੁੱਖ ਅਧਿਆਪਕਾਂ ਵੱਲੋਂ ਸੁਖਦੇਵ ਸਿੰਘ ਸਿੱਧੂ ਅਤੇ ਉਨ੍ਹਾ ਦੇ ਸਮੁੱਚੇ ਪਰਵਾਰ ਨੂੰ ਕੀਮਤੀ ਤੋਹਫਿਆਂ ਨਾਲ ਲੱਦ ਕੇ ਖੁੱਲ੍ਹੀ ਜੀਪ 'ਚ ਉਨ੍ਹਾ ਦੇ ਘਰ ਪਿੰਡ ਤਖਤਮੱਲ ਤੱਕ ਵਿਦਾ ਕੀਤਾ ਗਿਆ।

ਇਸ ਮੌਕੇ ਸੁਖਦੇਵ ਸਿੰਘ ਦੀ ਧਰਮ ਪਤਨੀ ਹਰਜਿੰਦਰ ਕੌਰ, ਬੇਟੀ ਨਵਨੀਤ ਕੌਰ, ਬੇਟਾ ਸ਼ੁਭਦੀਪ ਸਿੰਘ ਸਿੱਧੂ ਤੋਂ ਬਿਨਾਂ ਸਾਬਕਾ ਸਰਪੰਚ ਬਲਬੀਰ ਸਿੰਘ ਸਿੱਧੂ, ਲਾਭ ਸਿੰਘ ਸਿੱਧੂ, ਬਲਵਿੰਦਰ ਸਿੰਘ,

3-JULY-PAGE-7.qxd 7/2/2023 8:48 PM Page 1

ਭਾਖੜਾ ਨਹਿਰ ਦਾ ਕੰਢਾ ਖੁਰਨ ਨਾਲ ਇਲਾਕਾ ਵਾਸੀਆਂ ਨੂੰ ਨਹਿਰ 'ਚ ਪਾੜ ਪੈਣ ਦਾ ਡਰ ਸਤਾਉਣ ਲੱਗਾ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਸਰਹਿੰਦ ਨੇੜਿਓਂ ਲੰਘਦੀ ਭਾਖੜਾ ਨਹਿਰ ਦੇ ਕੰਢੇ ਤੋਂ ਖੁਰ ਰਹੀ ਮਿੱਟੀ ਨੇ ਨਹਿਰ ਦੇ ਆਲੇ-ਦੁਆਲੇ ਦੇ ਪਿੰਡਾਂ ਦੇ ਲੋਕਾਂ ਨੂੰ ਫਿਕਰਾਂ 'ਚ ਪਾ ਦਿੱਤਾ ਹੈ। ਪਿੰਡ ਹਰਲਾਲਪੁਰਾ ਅਤੇ ਸਹਿਜ਼ਾਦਪੁਰ ਕੋਲੋਂ ਲੰਘ ਰਹੀ ਭਾਖੜਾ ਨਹਿਰ ਦਾ ਖੁਰਿਆ ਹੋਇਆ ਕੰਢਾ ਪੱਤਰਕਾਰਾਂ ਨੂੰ ਦਿਖਾਉਂਦੇ ਹੋਏ ਪਿੰਡ ਸਹਿਜ਼ਾਦਪੁਰ ਦੇ ਸਰਪੰਚ ਗੁਰਪ੍ਰੀਤ ਸਿੰਘ, ਸਾਬਕਾ ਸਰਪੰਚ ਸੁਖਵਿੰਦਰ ਸਿੰਘ ਅਤੇ ਉੱਥੇ ਮਜੂਦ ਹੋਰ ਇਲਾਕਾ ਵਾਸੀਆਂ ਨੇ ਦੱਸਿਆ ਕਿ ਅਕਤੂਬਰ 2019 'ਚ ਇਸੇ ਜਗ੍ਹਾ ਤੋਂ ਮਿੱਟੀ ਖੁਰ ਗਈ ਸੀ ਤਾਂ ਇੱਥੇ ਮਿੱਟੀ ਦੇ ਥੈਲੇ ਲਗਾ ਦਿੱਤੇ ਗਏ ਜਿਸ ਤੋਂ ਬਾਅਦ 2021 'ਚ ਫਿਰ ਇਸੇ ਜਗ੍ਹਾ ਤੋਂ ਦਰਾਰ ਵਧਣ ਲੱਗੀ ਤਾਂ ਫਿਰ ਮਿੱਟੀ ਦੇ ਥੈਲੇ ਲਗਾ ਦਿੱਤੇ ਗਏ ਪਰ ਪੱਕੀ ਮੁਰੰਮਤ ਨਹੀਂ ਕਰਵਾਈ ਗਈ ਜਿਸ ਕਾਰਨ ਇਹੀ ਦਰਾਰ ਹੁਣ ਹੋਰ ਵੀ ਵਧ ਗਈ ਜੋ ਕਿ ਕਿਸੇ ਵੇਲੇ ਵੀ ਪਾੜ ਦਾ ਰੂਪ ਧਾਰਕੇ ਇਲਾਕੇ 'ਚ ਵੱਡੀ ਤਬਾਹੀ ਮਚਾ ਸਕਦੀ ਹੈ। ਨਹਿਰ ਕੰਢੇ ਖੜ੍ਹੇ ਕਿਸਾਨਾਂ ਨੇ ਦੱਸਿਆ ਕਿ ਬੀਤੇ ਦੋ ਹਫਤਿਆਂ ਤੋਂ ਇਹ ਦਰਾਰ ਵਧ ਰਹੀ ਹੈ ਤੇ ਜਦੋਂ ਨਹਿਰੀ ਵਿਭਾਗ ਦੇ ਅਧਿਕਾਰੀਆਂ ਨੂੰ ਇਸ ਸੰਬੰਧੀ ਦੱਸਿਆ ਗਿਆ ਤਾਂ ਉਨ੍ਹਾਂ ਦਾ ਜਵਾਬ ਸੀ ਕਿ ਜਦੋਂ ਪਾੜ ਪਵੇਗਾ ਤਾਂ ਦੱਸ ਦਿਓ। ਲੋਕਾਂ ਨੇ ਦੋਸ਼ ਲਗਾਇਆ ਕਿ ਇਲਾਕੇ ਦੀਆਂ ਪੰਚਾਇਤਾਂ ਵੱਲੋਂ ਵਾਰ-ਵਾਰ ਕਹੇ ਜਾਣ ਦੇ ਬਾਵਜੂਦ ਨਹਿਰੀ ਵਿਭਾਗ ਅਤੇ ਸਰਕਾਰ ਵੱਲੋਂ ਨਹਿਰ ਦੇ ਖਸਤਾ ਹਾਲ ਕੰਢਿਆਂ ਦੀ ਪੱਕੀ ਮੁਰੰਮਤ ਨਹੀਂ ਕਰਵਾਈ ਜਾ ਰਹੀ। ਨਹਿਰੀ ਵਿਭਾਗ ਦੇ ਐਕਸੀਅਨ ਸੰਦੀਪ ਸਿੰਘ ਮਾਂਗਟ ਨੂੰ ਇਸ ਸੰਬੰਧੀ ਪੁੱਛਿਆ ਗਿਆ ਤਾਂ ਉਨਾ ਦਾਅਵਾ ਕੀਤਾ ਕਿ ਉਹ ਖੁਦ ਜਾ ਕੇ ਮੌਕਾ ਦੇਖ ਕੇ ਆਏ ਹਨ ਤੇ ਉੱਥੇ ਕੋਈ ਵੀ ਖਤਰੇ ਵਾਲੀ ਗੱਲ ਨਹੀਂ ਹੈ। ਉਨ੍ਹਾ ਕਿਹਾ ਕਿ ਕੁਝ ਥਾਂ 'ਤੇ ਲੇਨ ਜ਼ਰੂਰ ਡੈਮੇਜ ਹੋਈ ਹੈ ਜਿਸ ਨੂੰ ਠੀਕ ਕਰ ਦਿੱਤਾ ਜਾਵੇਗਾ, ਇਸ ਲਈ ਇਲਾਕਾ ਵਾਸੀ ਬਿਲਕੁੱਲ ਨਾ ਘਬਰਾਉਣ। ਐਕਸੀਅਨ ਮਾਂਗਟ ਨੂੰ ਜਦੋਂ ਇਹ ਪੁੱਛਿਆ ਗਿਆ ਕਿ ਵਾਰ-ਵਾਰ ਡੈਮੇਜ ਹੋ ਰਹੀ ਲੇਨ ਦੀ ਸੀਮਿੰਟ ਵਗੈਰਾ ਲਗਾ ਕੇ ਪੱਕੇ ਤੌਰ 'ਤੇ ਮੁਰੰਮਤ ਕਿਉਂ ਨਹੀਂ ਕਰ ਦਿੱਤੀ ਜਾਂਦੀ ਤਾਂ ਉਨ੍ਹਾ ਦਾ ਕਹਿਣਾ ਸੀ ਕਿ ਇਸ ਨਹਿਰ ਰਾਹੀਂ ਦਿੱਲੀ ਸਮੇਤ ਹੋਰ ਰਾਜਾਂ ਨੂੰ ਪੀਣ ਵਾਲੇ ਪਾਣੀ ਦੀ ਸਪਲਾਈ ਹੁੰਦੀ ਹੈ ਤੇ ਨਹਿਰ ਨੂੰ ਬੰਦ ਕਰਕੇ ਹੀ ਇਸ ਦੇ ਬੈੱਡ ਅਤੇ ਕੰਢਿਆਂ ਦੀ ਪੱਕੀ ਮੁਰੰਮਤ ਕੀਤੀ ਜਾ ਸਕਦੀ ਹੈ।

ਨਹਿਰਾਂ ਤੇ ਚੋਆਂ ਦੀ ਸਥਿਤੀ 'ਤੇ ਜ਼ਿਲ੍ਹਾ ਪ੍ਰਸ਼ਾਸਨ ਦੀ ਤਿੱਖੀ ਨਜ਼ਰ : ਡੀ ਸੀ

ਫਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਡਿਪਟੀ ਕਮਿਸ਼ਨਰ ਪਰਨੀਤ ਸ਼ੇਰਗਿੱਲ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਜ਼ਿਲ੍ਹੇ ਵਿੱਚੋਂ ਲੰਘਦੇ ਚੋਆਂ ਤੇ ਨਹਿਰਾਂ ਉੱਤੇ ਹਮੇਸ਼ਾ ਹੀ ਨਜ਼ਰ ਰੱਖੀ ਜਾਂਦੀ ਹੈ ਪਰ ਬਰਸਾਤਾਂ ਦੇ ਮੱਦੇਨਜ਼ਰ ਚੋਆਂ ਤੇ ਨਹਿਰਾਂ ਉੱਤੇ ਹੋਰ ਵੀ ਤਿੱਖੀ ਨਜ਼ਰ ਰੱਖੀ ਜਾ ਰਹੀ ਹੈ। ਡਿਪਟੀ ਕਮਿਸਨਰ ਨੇ ਦੱਸਿਆ ਕਿ ਜਿੱਥੇ ਕਿਤੇ ਵੀ ਨਹਿਰਾਂ ਜਾਂ ਚੋਆਂ ਬਾਬਤ ਕੋਈ ਦਿੱਕਤ ਆਉਂਦੀ ਹੈ ਉੱਥੇ ਫੌਰੀ ਲੋੜੀਂਦੀ ਕਰਵਾਈ ਅਮਲ ਵਿੱਚ ਲਿਆਂਦੀ ਜਾਂਦੀ ਹੈ। ਉਨ੍ਹਾ ਕਿਹਾ ਕਿ ਜਿੱਥੇ ਕਿਤੇ ਕੋਈ ਦਿੱਕਤ ਆਵੇਗੀ, ਉਸ ਬਾਬਤ ਵੀ ਲੋੜੀਂਦੀ ਕਾਰਵਾਈ ਕੀਤੀ ਜਾਵੇਗੀ। ਜ਼ਿਲ੍ਹਾ ਵਾਸੀਆਂ ਨੂੰ ਕਿਸੇ ਗੱਲੋਂ ਵੀ ਘਬਰਾਉਣ ਦੀ ਲੋੜ ਨਹੀਂ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਬਰਸਾਤਾਂ ਦੇ ਮੱਦੇਨਜ਼ਰ ਜ਼ਿਲ੍ਹੇ ਵਿਚਲੇ ਪਾਣੀ ਦੇ ਨਿਕਾਸੀ ਸਾਧਨਾਂ ਦੀ ਸਫਾਈ ਕਰਵਾਈ ਗਈ ਹੈ ਤੇ ਕਈ ਥਾਂ ਜੰਗੀ ਪੱਧਰ 'ਤੇ ਜਾਰੀ ਵੀ ਹੈ।

ਇਸ ਨਾਲ ਲੋਕਾਂ ਨੂੰ ਬਰਸਾਤਾਂ ਦੌਰਾਨ ਪਾਣੀ ਦੀ ਨਿਕਾਸੀ ਸੰਬੰਧੀ ਦਿੱਕਤਾਂ ਨਹੀਂ ਆਉਣਗੀਆਂ। ਉਨ੍ਹਾ ਕਿ ਇਸ ਦੇ ਬਾਵਜੂਦ ਜੇ ਕੋਈ ਦਿੱਕਤ ਆਉਂਦੀ ਹੈ ਤੇ ਫੌਰੀ ਪ੍ਰਸ਼ਾਸਨਿਕ ਅਧਿਕਾਰੀਆਂ ਦੇ ਧਿਆਨ 'ਚ ਲਿਆਂਦਾ ਜਾਵੇ। ਇਸ ਬਾਰੇ ਹੋਰ ਗੱਲਬਾਤ ਕਰਦਿਆਂ ਐਕਸੀਨ, ਭਾਖੜਾ ਮੇਨ ਲਾਈਨ, ਪਟਿਆਲਾ, ਸੰਦੀਪ ਸਿੰਘ ਮਾਂਗਟ ਨੇ ਦੱਸਿਆ ਕਿ ਬੀ.ਐਮ.ਐਲ. ਬੁਰਜੀ ਨੰਬਰ 147000 ਨੇੜੇ ਸਲਿਪੇਜ ਆਫ ਲਾਈਨਿੰਗ ਦਾ ਮਾਮਲਾ ਸਾਹਮਣੇ ਆਇਆ ਹੈ। ਪਰ ਉਸ ਬਾਰੇ ਘਬਰਾਉਣ ਦੀ ਕੋਈ ਲੋੜ ਨਹੀਂ ਕਿਉਂਕਿ ਨਹਿਰ ਦੇ ਕੰਢੇ ਦੀ ਚੌੜਾਈ ਬਹੁਤ ਜ਼ਿਆਦਾ ਹੈ। ਇਸ ਮਾਮਲੇ ਸੰਬੰਧੀ ਲੋੜੀਂਦੀ ਕਾਰਵਾਈ ਕੀਤੀ ਜਾ ਰਹੀ ਹੈ। ਉਨ੍ਹਾ ਕਿਹਾ ਕਿ ਜ਼ਿਲ੍ਹਾ ਵਾਸੀਆਂ ਨੂੰ ਕਿਸੇ ਕਿਸਮ ਦੀ ਦਿੱਕਤ ਨਹੀਂ ਆਉਣ ਦਿੱਤੀ ਜਾਵੇਗੀ।

ਕ੍ਰਾਂਤੀਕਾਰੀ ਕਿਸਾਨ ਯੂਨੀਅਨ ਪੰਜਾਬ 10 ਨੂੰ ਕਰੇਗੀ ਬੀ ਡੀ ਪੀ ਓ ਦਫ਼ਤਰ ਮਮਦੋਟ ਦਾ ਘਿਰਾਓ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਕ੍ਰਾਂਤੀਕਾਰੀ ਕਿਸਾਨ ਯੂਨੀਅਨ ਪੰਜਾਬ ਜ਼ਿਲ੍ਹਾ ਫਿਰੋਜ਼ਪੁਰ ਦੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਗੁਰਮੀਤ ਸਿੰਘ ਪੋਜੋਕੇ ਦੀ ਅਗਵਾਈ ਵਿਚ ਗੁਰਦੁਆਰਾ ਜਾਮਨੀ ਸਾਹਿਬ ਬਜੀਦਪੁਰ ਵਿਖੇ ਹੋਈ।ਜਿਸ ਵਿਚ ਸੂਬਾ ਜਨਰਲ ਸਕੱਤਰ ਗੁਰਮੀਤ ਸਿੰਘ ਮਹਿਮਾ ਅਤੇ ਸੂਬਾ ਪ੍ਰੈਸ ਸਕੱਤਰ ਅਵਤਾਰ ਸਿੰਘ ਮਹਿਮਾਂ ਵੀ ਸ਼ਾਮਲ ਹੋਏ। ਮੀਟਿੰਗ ਵਿੱਚ ਸਰਬ ਸੰਮਤੀ ਨਾਲ 10 ਜੁਲਾਈ ਨੂੰ ਬੀ ਡੀ ਪੀ ਓ ਦਫ਼ਤਰ ਮਮਦੋਟ ਦਾ ਘਿਰਾਓ ਕਰਨ ਦਾ ਫੈਸਲਾ ਕੀਤਾ ਗਿਆ।ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਜਰਨਲ ਸਕੱਤਰ ਸੁਰਜੀਤ ਬਜੀਦਪੁਰ ਨੇ ਦੱਸਿਆ ਕਿ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਅਤੇ ਸੰਯੁਕਤ ਕਿਸਾਨ ਮੋਰਚੇ ਵੱਲੋਂ ਪਿਛਲੇ ਦਿਨਾਂ ਤੋਂ ਪੰਜਾਬ ਸਰਕਾਰ ਵੱਲੋਂ ਅਬਾਦਕਾਰ ਕਿਸਾਨਾਂ ਨੂੰ ਜ਼ਮੀਨਾਂ ਤੋਂ ਉਜਾੜਨ ਖਿਲਾਫ਼ ਜੱਦੋ ਜਹਿਦ ਕੀਤੀ ਗਈ ਸੀ, ਜਿਸ ਦੇ ਚੱਲਦਿਆਂ ਪੰਜਾਬ ਸਰਕਾਰ ਨੇ ਅਬਾਦਕਾਰ ਅਤੇ ਛੋਟੇ ਕਿਸਾਨਾਂ ਨੂੰ ਜ਼ਮੀਨ ਤੋਂ ਉਜਾੜਨ ਸੰਬੰਧੀ ਰੋਕ ਲਗਾਈ ਸੀ।ਦੂਜੇ ਪਾਸੇ ਸਰਕਾਰ ਵੱਲੋਂ ਲਿਆਂਦੇ ਗਏ ਸ਼ਾਮਲਾਟ ਅਤੇ ਜੁਮਲਾ ਮੁਸ਼ਤਰਕਾ ਖਾਤਾ ਦੀਆਂ ਜ਼ਮੀਨਾਂ ਨੂੰ ਪੰਚਾਇਤੀ ਜ਼ਮੀਨਾਂ ਬਣਾਏ ਜਾਣ ਦੇ ਫ਼ੈਸਲੇ ਨੂੰ ਮਾਨਯੋਗ ਪੰਜਾਬ-ਹਰਿਆਣਾ ਹਾਈਕੋਰਟ ਨੇ ਰੱਦ ਕਰ ਦਿੱਤਾ ਸੀ ਅਤੇ ਇਸ ਫੈਸਲੇ ਉਪਰ ਰੋਕ ਲਗਾ ਦਿੱਤੀ ਸੀ।ਪਰ ਉਨ੍ਹਾਂ ਦੱਸਿਆ ਕਿ ਪਿੰਡ ਸੁੰਦਰ ਵਾਲੇ ਝੁੱਗੇ ਦੇ ਕਿਸਾਨ, ਜਿਨ੍ਹਾਂ ਦਾ ਪੰਜ ਏਕੜ ਜ਼ਮੀਨ ਦਾ ਰਕਬਾ ਪਿੰਡ ਵਾਹਕੇ ਵਿੱਚ ਪੈਂਦਾ ਹੈ, ਜਿਸ ਤੋਂ ਕਿਸਾਨਾਂ ਨੂੰ ਉਜਾੜਨ ਲਈ ਬੀ ਡੀ ਪੀ ਓ ਲਗਾਤਾਰ ਤਰਲੇ ਮੱਛੀ ਹੋ ਰਿਹਾ ਹੈ ਅਤੇ ਬੀਤੀ 27 ਜੂਨ ਨੂੰ ਭਾਰੀ ਪੁਲਿਸ ਨਫ਼ਰੀ ਨਾਲ ਕਿਸਾਨਾਂ ਦੀ ਜ਼ਮੀਨ ਉੱਪਰ ਫ਼ਸਲ ਉਜਾੜਨ ਦੀ ਕੋਸ਼ਿਸ਼ ਕੀਤੀ ਗਈ ਸੀ।ਜਿਸ ਦੇ ਚੱਲਦਿਆਂ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਸੂਬਾ ਅਤੇ ਜ਼ਿਲ੍ਹਾ ਆਗੂਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ ਜਿਨ੍ਹਾਂ ਨੂੰ ਜਥੇਬੰਦੀ ਵੱਲੋਂ ਥਾਣੇ ਦਾ ਘਿਰਾਓ ਕਰਕੇ ਰਿਹਾਅ ਕਰਵਾਇਆ ਗਿਆ ਸੀ।ਇਸ ਤੋਂ ਬਾਅਦ ਬੀ ਡੀ ਪੀ ਓ ਅਤੇ ਪੰਚਾਇਤ ਅਫ਼ਸਰ ਵੱਲੋਂ ਆਬਾਦਕਾਰ ਕਿਸਾਨਾਂ ਦੀ ਜ਼ਮੀਨ ਖੋਹਣ ਲਈ ਝੂਠੀ ਬੋਲੀ ਕਰਵਾਈ ਜਾ ਰਹੀ ਹੈ।ਜਿਸ ਦੇ ਰੋਸ ਵਜੋਂ ਜਥੇਬੰਦੀ ਵੱਲੋਂ 10 ਜੁਲਾਈ ਨੂੰ ਮਮਦੋਟ ਵਿਖੇ ਵਿਸ਼ਾਲ ਰੋਸ ਪ੍ਰਦਰਸ਼ਨ ਕਰਨ ਦਾ ਸੱਦਾ ਦਿੱਤਾ ਗਿਆ ਹੈ।ਉਨ੍ਹਾਂ ਕਿਹਾ ਕਿ ਆਬਾਦਕਾਰ ਕਿਸਾਨਾਂ ਦੀ ਜ਼ਮੀਨ ਦੀ ਬੋਲੀ ਕਰਵਾਉਣ ਦਾ ਕਿਸੇ ਵੀ ਅਧਿਕਾਰੀ ਨੂੰ ਕੋਈ ਹੱਕ ਨਹੀਂ ਹੈ। ਉਨ੍ਹਾਂ ਕਿਹਾ ਕਿ ਇਸ ਸੰਬੰਧੀ ਮਾਣਯੋਗ ਹਾਈ ਕੋਰਟ ਦੇ ਫ਼ੈਸਲਿਆਂ ਅਨੁਸਾਰ ਦੋਸ਼ੀ ਅਧਿਕਾਰੀਆਂ ਉੱਪਰ ਬਣਦੀ ਕਾਨੂੰਨੀ ਕਾਰਵਾਈ ਕਰਵਾਉਣ ਲਈ ਅਦਾਲਤੀ ਕੇਸ ਵੀ ਕੀਤਾ ਜਾਵੇਗਾ।ਇਕੱਤਰ ਹੋਏ ਕਿਸਾਨ ਆਗੂਆਂ ਵੱਲੋਂ ਜ਼ਿਲ੍ਹੇ ਦੇ ਤਮਾਮ ਪਿੰਡਾਂ ਦੇ ਕਿਸਾਨਾਂ ਨੂੰ ਵੱਡੀ ਗਿਣਤੀ ਵਿਚ ਇਸ ਧਰਨੇ ਵਿਚ ਸ਼ਮੂਲੀਅਤ ਕਰਨ ਦਾ ਸੱਦਾ ਦਿੱਤਾ ਗਿਆ।ਇਸ ਮੌਕੇ ਹੋਰਨਾਂ ਤੋਂ ਇਲਾਵਾ ਜ਼ਿਲ੍ਹਾ ਸਹਾਇਕ ਸਕੱਤਰ ਗੁਰਚਰਨ ਸਿੰਘ ਮਲਸੀਆਂ ਕਲਾਂ, ਜ਼ਿਲ੍ਹਾ ਆਗੂ ਗੁਰਮੁਖ ਰਾਮ ਬਾਜੇਕੇ, ਜ਼ਿਲ੍ਹਾ ਆਗੂ ਗੁਰਸੇਵਕ ਸਿੰਘ ਖਵਾਜਾ ਖੜਕ, ਬਲਾਕ ਪ੍ਰਧਾਨ ਗੁਰਭੇਜ ਸਿੰਘ ਟਿੱਬੀ ਕਲਾਂ, ਨਿਰਮਲ ਸਿੰਘ ਰੱਜੀਵਾਲਾ, ਓਮ ਪ੍ਰਕਾਸ਼ ਲੱਖਾ ਹਾਜੀ, ਗੁਰਜੱਜ ਸਿੰਘ ਸਾਂਦੇ ਹਾਸ਼ਮ, ਗੁਰਚਰਨ ਬਾਰੇ ਕੇ, ਵਿਕਰਮ ਬਾਰੇ ਕੇ, ਸਾਬ ਸਿੰਘ ਫੱਤੂ ਵਾਲਾ, ਜਸਵਿੰਦਰ ਸਿੰਘ ਸ਼ਹੀਰ ਵਾਲਾ ਬਰਾੜ, ਅੰਗਰੇਜ਼ ਸਿੰਘ, ਸੁਰਿੰਦਰ ਸਿੰਘ ਸਰੂਪੇ ਵਾਲਾ, ਗੁਰਚਰਨ ਸਿੰਘ ਅਜੀਜ ਵਾਲੀ, ਜਸਵੀਰ ਮੱਲਵਾਲ, ਰਣਜੀਤ ਯਾਰੇਸ਼ਾਹ, ਵੀਰ ਸਿੰਘ ਮੱਲੋ ਕੇ, ਜਰਨੈਲ ਸਿੰਘ ਦੁਲਚੀ ਕੇ ਆਦਿ ਆਗੂ ਹਾਜ਼ਰ ਸਨ।

ਕਾਤਰਾਂ

ਬਿਲਡਿੰਗ ਠੇਕੇਦਾਰ ਐਸੋਸੀਏਸ਼ਨਾਂ ਦੀ ਮਹੀਨਾਵਾਰ ਮੀਟਿੰਗ

ਜਗਰਾਉਂ (ਅਮਿਤ ਖੰਨਾ)-ਜਗਰਾਉਂ ਦੇ ਗੁਰਦੁਆਰਾ ਵਿਸ਼ਵਕਰਮਾ ਮੰਦਰ ਅੱਡਾ ਰਾਏਕੋਟ ਵਿਖੇ ਬਿਲਡਿੰਗ ਠੇਕੇਦਾਰ ਐਸੋਸੀਏਸ਼ਨ ਰਜਿ: 133 ਵੱਲੋਂ ਮਹੀਨਾਵਾਰ ਮੀਟਿੰਗ ਕੀਤੀ। ਇਸ ਮੌਕੇ ਸਰਪ੍ਰਸਤ ਠੇਕੇਦਾਰ ਜਗਦੇਵ ਸਿੰਘ ਮਠਾੜੂ ਨੇ ਕਿਹਾ ਕਿ ਇਸ ਮੀਟਿੰਗ ਵਿਚ ਠੇਕੇਦਾਰਾਂ ਨੂੰ ਆ ਰਹੀਆਂ ਸਮੱਸਿਆਵਾਂ ਸੰਬੰਧੀ ਵੀ ਵਿਚਾਰ ਵਟਾਂਦਰਾ ਕੀਤਾ ਗਿਆ। ਪ੍ਰਧਾਨ ਰਾਜਿੰਦਰ ਸਿੰਘ ਰਿੰਕੂ ਨੇ ਕਿਹਾ ਕਿ ਬਾਪਰ ਕਲੋਨੀ ਸ਼ੇਰਪੁਰਾ ਰੋਡ ਵਿਖੇ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਹਾਲ ਦਾ ਕੰਮ ਬਹੁਤ ਤੇਜੀ ਨਾਲ ਚਲ ਰਿਹਾ ਹੈ। ਇਸ ਮੌਕੇ ਸਰਪ੍ਰਸਤ ਠੇਕੇਦਾਰ ਹਰਦਿਆਲ ਸਿੰਘ ਮੁੰਡੇ, ਠੇਕੇਦਾਰ ਜਗਦੇਵ ਸਿੰਘ ਮਠਾੜੂ, ਪ੍ਰਧਾਨ ਰਾਜਿੰਦਰ ਸਿੰਘ ਰਿੰਕੂ, ਭਵਨਜੀਤ ਸਿੰਘ ਉੱਭੀ, ਰਾਜਵੰਤ ਸਿੰਘ ਸੱਗੂ, ਗੁਰਚਰਨ ਸਿੰਘ ਘਟੋੜੇ, ਇੰਦਰਜੀਤ ਸਿੰਘ ਰੀਹਲ, ਸਰਬਜੀਤ ਸਿੰਘ ਰੀਹਲ, ਬਲਵੀਰ ਸਿੰਘ ਸਿਵੀਆ, ਅਵਤਾਰ ਸਿੰਘ ਮਠਾੜੂ, ਬਲਵਿੰਦਰ ਸਿੰਘ ਭੋਲਾ, ਸੁਖਵਿੰਦਰ ਸਿੰਘ ਸੋਨੀ, ਗੁਰਸੇਵਕ ਸਿੰਘ ਮੱਲ੍ਹਾ, ਬਲਵਿੰਦਰ ਸਿੰਘ ਪੱਪਾ, ਜਸਵੀਰ ਸਿੰਘ ਧਾਲੀਵਾਲ, ਸੁਖਦੇਵ ਸਿੰਘ ਸੁਧਾਰੀਆਂ, ਆਦਿ ਹਾਜ਼ਰ ਸਨ।

ਲਾਇਨਜ਼ ਕਲੱਬ ਅਜ਼ਾਦ ਵੱਲੋਂ ਬਿਰਧ ਆਸ਼ਰਮ 'ਚ ਮੁਫਤ ਸ਼ੂਗਰ ਚੈੱਕਅੱਪ ਕੈਂਪ

ਮੁਕਤਸਰ (ਸ਼ਮਿੰਦਰਪਾਲ, ਪੂਜਾ)-ਲਾਇਨਜ਼ ਕਲੱਬ ਮੁਕਤਸਰ ਅਜ਼ਾਦ ਵੱਲੋ ਨਵ ਨਿਯੁਕਤ ਪ੍ਰਧਾਨ ਲਾਇਨ ਅਮਰਦੀਪ ਸਿੰਘ ਦੀ ਅਗਵਾਈ ਹੇਠ ਐਤਵਾਰ ਨੂੰ ਜਲਾਲਾਬਾਦ ਰੋਡ ਸਥਿਤ ਬਿਰਧ ਆਸ਼ਰਮ ਵਿਖੇ ਬਜ਼ੁਰਗਾਂ ਲਈ ਸ਼ੂਗਰ ਚੈਕਅੱਪ ਕੈਂਪ ਲਾਇਆ ਗਿਆ। ਜਿਸ 'ਚ ਬਜ਼ੁਰਗਾਂ ਦਾ ਸ਼ੂਗਰ ਚੈਕਅੱਪ ਕੀਤਾ ਗਿਆ। ਇਸ ਮੌਕੇ 50 ਬਜ਼ੁਰਗਾਂ ਨੇ ਸ਼ੂਗਰ ਜਾਂਚ ਕਰਵਾਈ। ਚੈਕਅਪ ਡਾਕਟਰ ਵਿਜੇ ਸੁਖੀਜਾ ਨੇ ਕੀਤਾ। ਇਸ ਮੌਕੇ ਕਲੱਬ ਦੇ ਸੈਕਟਰੀ ਵਿਕਾਸ ਗੋਇਲ, ਖਜ਼ਾਨਚੀ ਰਵੀ ਅਗਰਵਾਲ, ਜ਼ੋਨ ਚੇਅਰਮੈਨ ਚਮਨ ਲਾਲ ਪੰਨਸੇਜਾ, ਡਾਇਰੈਕਟਰ ਡੀ ਐਸ ਕੰਡਾ, ਬੂਟਾ ਰਾਮ ਕਮਰਾ, ਬਿਰਧ ਆਸ਼ਰਮ ਦੇ ਪ੍ਰਧਾਨ ਸਰਬਜੀਤ ਸਿੰਘ ਦਰਦੀ, ਬਲਜੀਤ ਸਿੰਘ ਆਦਿ ਵੀ ਮੌਜੂਦ ਸਨ।

ਰੋਟਰੀ ਕਲੱਬ ਨੇ ਪੰਛੀਆਂ ਵਾਸਤੇ 100 ਆਲ੍ਹਣੇ ਲਗਾਏ

ਫ਼ਰੀਦਕੋਟ (ਐਲਿਗਜੈਂਡਰ ਡਿਸੂਜਾ)-ਰੋਟਰੀ ਕਲੱਬ ਫ਼ਰੀਦਕੋਟ ਵੱਲੋਂ ਬਾਬਾ ਫ਼ਰੀਦ ਨਗਰ ਵਿਖੇ ਸੱਚਰ ਫ਼ਾਰਮ ਦੇ ਨੇੜੇ ਤਿਆਰ ਕੀਤੇ ਮਿੰਨੀ ਜੰਗਲ 'ਚ 100 ਆਲ੍ਹਣੇ ਲਗਾਏ ਗਏ। ਇਸ ਮੌਕੇ ਕਲੱਬ ਪ੍ਰਧਾਨ ਆਰਸ਼ ਸੱਚਰ ਨੇ ਦੱਸਿਆ ਕਿ ਕਲੱਬ ਵੱਲੋਂ ਪੰਛੀਆਂ ਵਾਸਤੇ ਅੱਜ ਆਲ੍ਹਣੇ ਗਏ ਹਨ। ਉਨ੍ਹਾਂ ਕਿਹਾ ਕਲੱਬ ਵੱਲੋਂ ਵਾਤਾਵਰਣ ਦੀ ਸ਼ੁੱਧਤਾ ਵਾਸਤੇ ਕਲੱਬ ਵੱਲੋਂ ਮਿੰਨੀ ਜੰਗਲ ਤਿਆਰ ਕੀਤਾ ਗਿਆ ਸੀ। ਇਸ ਜੰਗਲ 'ਚ ਪੰਛੀਆਂ ਦੇ ਰਹਿਣ ਵਾਸਤੇ ਹੁਣ ਆਲ੍ਹਣੇ ਲਗਾਏ ਗਏ ਹਨ। ਕਲੱਬ ਦੇ ਸਕੱਤਰ ਅਰਵਿੰਦ ਛਾਬੜਾ ਨੇ ਇਸ ਮੌਕੇ ਪਹੁੰਚੇ ਸਾਰੇ ਮੈਂਬਰਾਂ ਨੂੰ ਜੀ ਆਇਆਂ ਨੂੰ ਆਖਿਆ। ਇਸ ਮੌਕੇ ਕਲੱਬ ਦੇ ਸੀਨੀਅਰ ਮੈਂਬਰ ਦਵਿੰਦਰ ਸਿੰਘ ਪੰਜਾਬ ਮੋਟਰਜ਼ ਅਤੇ ਪ੍ਰਿਤਪਾਲ ਸਿੰਘ ਕੋਹਲੀ ਨੇ ਦੱਸਿਆ ਕਿ ਆਉਂਦੇ ਦਿਨਾਂ 'ਚ ਬਾਰਸ਼ ਨੂੰ ਵੇਖਦਿਆਂ ਕਲੱਬ ਵੱਲੋਂ ਪੌਦੇ ਲਗਾਏ ਜਾਣਗੇ। ਲੋੜਵੰਦ ਬੱਚਿਆਂ ਦੀ ਸਹਾਇਤਾ ਵਾਸਤੇ ਕੁਝ ਪ੍ਰੋਜੈਕਟ ਕੀਤੇ ਜਾਣਗੇ। ਇਸ ਮੌਕੇ ਸੇਵਾ ਮੁਕਤ ਨਾਇਬ ਤਹਿਸੀਲਦਾਰ ਪ੍ਰਵੀਨ ਸੱਚਰ, ਇੰਜੀਨੀਅਰ ਮਨਦੀਪ ਸ਼ਰਮਾ ਨੇ ਕਿਹਾ ਰੋਟਰੀ ਕਲੱਬ ਜਿੱਥੇ ਮਾਨਵਤਾ ਦੀ ਸੇਵਾ ਕਰਦਾ ਹੈ, ਉੱਥੇ ਪਸ਼ੂ-ਪੰਛੀਆਂ ਦੀ ਸੇਵਾ ਵੀ ਕਰਦਾ ਹੈ। ਇਸ ਮੌਕੇ ਦਾਨਕਿਸ਼ਾ, ਸਾਹਿਬਾਂ ਚੌਹਾਨ, ਸ਼੍ਰੀਮਤੀ ਅੰਜੂ ਸੱਚਰ, ਲਾਵਿਨ ਸੱਚਰ ਹਾਜ਼ਰ ਸਨ।

ਡੇਰਾ ਬਿਆਸ ਮੁਖੀ ਨਾਲ ਪ੍ਰਿੰ. ਬੁੱਧ ਰਾਮ ਤੇ ਵਿਧਾਇਕ ਦੇਵ ਮਾਨ ਨੇ ਕੀਤੀ ਮੁਲਾਕਾਤ

3-July-PAGE-8.qxd 7/2/2023 10:12 PM Page 1

ਰਾਜਾ ਦੀ ਅਗਵਾਈ ਹੇਠ ਅਕਾਲੀ ਐੱਮ ਸੀ ਤੇ ਹੋਰ ਆਗੂਆਂ ਫੜਿਆ 'ਆਪ' ਦਾ ਪੱਲਾ

ਟਾਂਡਾ ਉੜਮੁੜ (**ਉਂਕਾਰ ਸਿੰਘ, ਜਸਵਿੰਦਰ ਸੰਧੂ**) ਮੰਤਰੀ ਪੰਜਾਬ ਭਗਵੰਤ ਮਾਨ ਦੇ ਲੋਕ ਪਿਆਰ ਅਤੇ ਉਹਨਾਂ ਵੱਲੋਂ ਇੱਕ ਸਾਲ ਦੌਰਾਨ ਕੀਤੇ ਗਏ ਕੰਮਾਂ ਨੂੰ ਦੇਖਦੇ ਹੋਏ ਵਿਰੋਧੀ ਪਾਰਟੀਆਂ ਦੇ ਚੰਗੇ ਆਗੂ ਆਪਣੀ ਸਵੈ ਇੱਛਾ ਨਾਲ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਰਹੇ ਹਨ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਸੂਬਾ ਮੀਤ ਪ੍ਰਧਾਨ ਅਤੇ ਹਲਕਾ ਟਾਂਡਾ ਦੇ ਵਿਧਾਇਕ ਜਸਵੀਰ ਸਿੰਘ ਰਾਜਾ ਨੇ ਇੱਥੇ ਵੱਡੀ ਗਿਣਤੀ ਵਿੱਚ ਅਕਾਲੀ ਆਗੂ ਨੂੰ ਪਾਰਟੀ ਵਿੱਚ ਸ਼ਾਮਲ ਕਰਨ ਉਪਰੰਤ ਸਥਾਨਕ ਪੱਤਰਕਾਰਾਂ ਨਾਲ ਕੀਤਾ। ਉਹਨਾਂ ਕਿਹਾ ਕਿ ਭਗਵੰਤ ਮਾਨ ਸਰਕਾਰ ਦੀਆਂ ਪ੍ਰਾਪਤੀਆਂ ਤੋਂ ਪੰਜਾਬ ਵਾਸੀ ਪੂਰੀ ਤਰ੍ਹਾਂ ਖੁਸ਼ ਹਨ ਅਤੇ ਇਸੇ ਲਈ ਵਿਰੋਧੀ ਪਾਰਟੀਆਂ ਦੀ ਨੀਂਦ ਹਰਾਮ ਹੋਈ ਪਈ ਹੈ, ਜਿਸ ਕਾਰਨ ਵਿਰੋਧੀ ਬਿਨਾ ਵਜ੍ਹਾ ਕੂੜ ਪ੍ਰਚਾਰ ਕਰਨ ਵਿੱਚ ਲੱਗੇ ਹੋਏ ਹਨ। ਜਸਵੀਰ ਸਿੰਘ ਰਾਜਾ ਨੇ ਕਿਹਾ ਕਿ ਇਸ ਸਾਰੇ ਦੇ ਬਾਵਜੂਦ ਵੀ ਇਹਨਾਂ ਪਾਰਟੀਆਂ ਦੇ ਇਮਾਨਦਾਰ ਆਗੂ ਧੜਾ ਧੜ ਆਮ ਆਦਮੀ ਪਾਰਟੀ ਦਾ ਪੱਲਾ ਫੜ ਰਹੇ ਹਨ। ਇਸੇ ਕੜੀ ਵਿੱਚ ਹੀ ਹਲਕਾ ਟਾਂਡਾ ਉੜਮੁੜ ਦੇ ਬਹੁਤ ਸਾਰੇ ਅਕਾਲੀ ਅਤੇ ਹੋਰ ਆਗੂਆਂ ਨੇ ਆਮ ਆਦਮੀ ਪਾਰਟੀ ਨੂੰ ਜੁਆਇਨ ਕੀਤਾ ਹੈ। ਇੱਥੇ ਵਰਣਨਯੋਗ ਹੈ ਕੇ ਅੱਜ ਅਕਾਲੀ ਦਲ ਦੀ ਕੌਂਸਲਰ ਸੁਮਨ ਖੋਸਲਾ ਦੀ ਸਰਪ੍ਰਸਤੀ ਹੇਠ 20 ਦੇ ਕਰੀਬ ਅਕਾਲੀ ਵਰਕਰਾਂ ਨੇ ਆਮ ਆਦਮੀ ਪਾਰਟੀ ਦਾ ਪੱਲਾ ਫੜਿਆ ਉਹਨਾਂ ਆਪਣੀ ਜੁਆਇਨਿੰਗ ਦਾ ਕਾਰਨ ਅਕਾਲੀ ਪਾਰਟੀ ਅੰਦਰ ਵੱਧ ਰਹੀ ਘੁਟਨ ਅਤੇ ਆਮ ਆਦਮੀ ਪਾਰਟੀ ਵੱਲੋਂ ਕਰਾਏ ਜਾ ਰਹੇ। ਵਿਕਾਸ ਕੰਮਾਂ ਨੂੰ ਦੱਸਿਆ, ਇਸੇ ਤਰ੍ਹਾਂ ਲਖਬੀਰ ਸਿੰਘ ਖਾਲਸਾ ਕਾਰਜਕਾਰਨੀ ਮੈਂਬਰ ਸ਼੍ਰੋਮਣੀ ਅਕਾਲੀ ਦਲ ਸੰਯੁਕਤ ਆਪਣੇ ਸਾਥੀਆਂ ਸਮੇਤ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ। ਅਕਾਲੀ ਦਲ ਦੇ ਜੁਝਾਰੂ ਵਰਕਰ ਦਾਰਾ ਸਿੰਘ, ਬਲਜਿੰਦਰ ਕੌਰ ਅਤੇ ਇਸੇ ਤਰ੍ਹਾਂ ਸਮਾਜਿਕ ਆਗੂ ਓਮ ਪ੍ਰਕਾਸ਼ ਭੱਟੀ ਨੇ ਵੀ ਸਾਥੀਆਂ ਸਮੇਤ ਆਮ ਆਦਮੀ ਪਾਰਟੀ ਦਾ ਪੱਲਾ ਫੜ੍ਹ ਲਿਆ ਹੈ। ਹਲਕਾ ਵਿਧਾਇਕ ਜਸਵੀਰ ਸਿੰਘ ਰਾਜਾ ਦੇ ਗ੍ਰਹਿ ਵਿਖੇ ਹੋਏ ਪ੍ਰਭਾਵ ਇੱਕ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਵੱਡੀ ਗਿਣਤੀ 'ਚ ਹਾਜ਼ਰ ਆਪ ਆਗੂਆਂ ਨੇ ਇਹਨਾਂ ਨੂੰ ਪਾਰਟੀ 'ਚ ਸ਼ਾਮਲ ਹੋਣ 'ਤੇ ਜੀ ਆਇਆਂ ਕਿਹਾ। ਇਸ ਮੌਕੇ ਆਪ ਆਗੂ ਕੇਸਵ ਸਿੰਘ ਸੈਣੀ, ਗੁਰਦੀਪ ਸਿੰਘ ਹੈਪੀ, ਸੁਖਵਿੰਦਰ ਸਿੰਘ ਅਰੋੜਾ, ਅਤਵਾਰ ਸਿੰਘ, ਪ੍ਰੇਮ ਪਡਵਾਲ, ਮੀਤ ਪ੍ਰਧਾਨ ਸੁਰਿੰਦਰ ਸਿੰਘ ਬਿੱਲੂ, ਸੁਰਿੰਦਰ ਸਿੰਘ ਭਾਟੀਆ, ਲੇਖ ਰਾਜ, ਚੰਦਨ ਮੋਹਨ ਲਾਡੀ, ਰਾਜਨ ਸੋਧੀ, ਅਨਿਲ ਗੋਰਾ, ਬਲਜੀਤ ਸੈਣੀ ਪਵਨ ਸਿੰਘ ਬਸੰਤ, ਬਲਵਿੰਦਰ ਕੁਮਾਰ ਹਾਜ਼ਰ ਸਨ।

ਵਿਦਿਆਰਥੀਆਂ ਨੂੰ ਨਸ਼ਾ ਮੁਕਤ ਸਮਾਜ ਸਿਰਜਨ ਲਈ ਪ੍ਰੇਰਿਆ

ਜਲੰਧਰ (**ਇਕਬਾਲ ਸਿੰਘ**) ਸੋਟ ਸੋਲਜ਼ਰ ਡਿਵਾਈਨ ਪਬਲਿਕ ਸਕੂਲ 'ਚ ਨਸ਼ਾਮੁਕਤ ਦੇਸ਼ ਬਣਾਉਣ ਦਾ ਸੁਨੇਹਾ ਦਿੰਦੇ ਹੋਏ ਕੌਮਾਂਤਰੀ ਨਸ਼ਾ ਤੇ ਤਸਕਰੀ ਵਿਰੋਧੀ ਦਿਹਾੜੇ 'ਤੇ ਜਾਗਰੂਕਤਾ ਸੈਮੀਨਾਰ ਕਰਵਾਇਆ ਗਿਆ। ਪ੍ਰਿੰਸੀਪਲ ਸਤਵਿੰਦਰ ਕੌਰ ਦੀ ਅਗਵਾਈ 'ਚ ਕਰਵਾਏ ਗਏ ਇਸ ਸੈਮੀਨਾਰ ਦੌਰਾਨ ਵਿਦਿਆਰਥੀਆਂ ਨੂੰ ਨਸ਼ਿਆਂ ਦੇ ਬੁਰੇ ਪ੍ਰਭਾਵਾਂ ਬਾਰੇ ਜਾਗਰੂਕ ਕਰਦੇ ਹੋਏ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕੀਤਾ ਗਿਆ। ਇਸ ਮੌਕੇ ਡਾਇਰੈਕਟਰ ਇੰਦਰ ਕੁਮਾਰ ਸਾਹਨੀ ਨੇ ਕਿਹਾ ਕਿ ਨਸ਼ਾ ਇੱਕ ਰੋਗ ਹੈ ਜੋ ਪੀੜਤ ਨੂੰ ਸਰੀਰਕ ਤੇ ਮਾਨਸਿਕ ਤੌਰ 'ਤੇ ਕਮਜੋਰ ਕਰਦਾ ਹੈ। ਇਸ ਤੋਂ ਇਲਾਵਾ ਨਸ਼ੇ ਸਮਾਜ 'ਚ ਅਪਰਾਧ ਨੂੰ ਵਧਾਉਂਦੇ ਹਨ। ਜੇਕਰ ਨਸ਼ਾ ਅਤੇ ਨਸ਼ਾ ਤਸਕਰੀ 'ਤੇ ਕਾਬੂ ਪਾ ਲਿਆ ਜਾਵੇ ਤਾਂ ਦੇਸ਼ 'ਚੋਂ ਅਪਰਾਧ ਦਾ ਗਰਾਫ ਘਟਾਇਆ ਜਾ ਸਕਦਾ। ਨਸ਼ੇ ਕਾਰਨ ਹੋਣ ਵਾਲੀਆਂ ਬਿਮਾਰੀਆਂ ਜਿਵੇਂ ਕੈਂਸਰ ਆਦਿ ਦੇ ਮਾਮਲਿਆਂ ਨੂੰ ਘਟਾਇਆ ਜਾ ਸਕਦਾ। ਉਨ੍ਹਾਂ ਕਿਹਾ ਕਿ ਜੇਕਰ ਸਮੂਹ ਨਾਗਰਿਕ ਨਸ਼ੇ ਨੂੰ ਖ਼ਤਮ ਕਰਨ ਸਾਂਝਾ ਉਪਰਾਲਾ ਕਰਨ ਤਾਂ ਨਸ਼ਿਆਂ ਨੂੰ ਖ਼ਤਮ ਕਰਨਾ ਜ਼ਿਆਦਾ ਮੁਸ਼ਕਲ ਨਹੀਂ ਹੈ। ਲੋੜ ਹੈ ਤਾਂ ਨੌਜਵਾਨ ਪੀੜ੍ਹੀ ਨੂੰ ਇਸ ਦੇ ਬੁਰੇ ਪ੍ਰਭਾਵਾਂ ਪ੍ਰਤੀ ਜਾਗਰੂਕ ਕਰਨ ਤੇ ਇਸ ਵਿਰੁੱਧ ਆਵਾਜ਼ ਉਠਾਉਣ ਦੀ। ਨਸ਼ਾ ਮੁਕਤੀ ਨਾਲ ਨੌਜਵਾਨ ਪੀੜ੍ਹੀ ਦਾ ਭਵਿੱਖ ਉੱਜਲ ਤੇ ਸੁਰੱਖਿਅਤ ਹੋ ਜਾਵੇਗਾ। ਵਿਦਿਆਰਥੀ ਵਰਗ ਇਸ 'ਚ ਅਹਿਮ ਯੋਗਦਾਨ ਪਾ ਸਕਦਾ ਹੈ। ਉਨ੍ਹਾਂ ਸਮੂਹ ਵਿਦਿਆਰਥੀਆਂ ਨੂੰ ਨਸ਼ਾ ਮੁਕਤ ਸਮਾਜ ਸਿਰਜਨਾ 'ਚ ਆਪਣਾ ਯੋਗਦਾਨ ਪਾਉਣ ਲਈ ਪ੍ਰੇਰਿਤ ਕੀਤਾ।

ਫੁੱਟਬਾਲ ਟੂਰਨਾਮੈਂਟ ਅਮਿੱਟ ਯਾਦਾਂ ਛੱਡਦਾ ਸੰਪੰਨ

ਜਲੰਧਰ : ਸ਼ਹੀਦ ਬਾਬਾ ਦੀਪ ਸਿੰਘ ਫੁੱਟਬਾਲ ਕਲੱਬ ਜਮਸ਼ੇਰ-ਖੇੜਾ ਵੱਲੋਂ ਐਨ ਆਰ ਆਈ ਵੀਰਾਂ ਦੇ ਸਹਿਯੋਗ ਨਾਲ ਕੋਚ ਦਲਜੀਤ ਸਿੰਘ ਸੰਧੂ ਦੀ ਅਗਵਾਈ 'ਚ ਜਮਸ਼ੇਰ-ਖੇੜਾ ਗਰਾਊਂਡ ਵਿਖੇ ਕਰਵਾਇਆ ਡੇਅ ਨਾਇਟ ਫੁੱਟਬਾਲ ਟੂਰਨਾਮੈਂਟ ਕੱਪ ਅਮਿੱਟ ਯਾਦਾਂ ਛੱਡਦਾ ਸੰਪੰਨ ਹੋ ਗਿਆ। ਇਸ ਟੂਰਨਾਮੈਂਟ 78 ਟੀਮਾਂ ਨੇ ਹਿੱਸਾ ਲਿਆ ਅਤੇ ਟੂਰਨਾਮੈਂਟ ਦੌਰਾਨ ਅੰਡਰ 14, ਅੰਡਰ 17 ਅਤੇ ਓਪਨ ਕੈਟਾਗਿਰੀ ਦੇ ਮੈਚ ਕਰਵਾਏ ਗਏ। ਫਾਈਨਲ ਮੈਚ ਦੀ ਸ਼ੁਰੂਆਤ ਟੂਰਨਾਮੈਂਟ ਦੌਰਾਨ ਮੁੱਖ ਮਹਿਮਾਨ ਦੇ ਤੌਰ 'ਤੇ ਪੁੱਜੇ ਡਾ ਰਮਨਦੀਪ ਕੋਹਲੀ ਅਤੇ ਲਾਇਨਜ ਕਲੱਬ ਨੂਰਮਹਿਲ ਦੇ ਮੈਂਬਰਾਂ ਵੱਲੋਂ ਸਾਂਝੇ ਤੌਰ 'ਤੇ ਕੀਤੀ। ਅੰਡਰ 14 ਫਾਈਨਲ ਮੈਚ ਜਮਸ਼ੇਰ ਖੇੜਾ ਅਤੇ ਹੁਸੈਨਾਬਾਦ ਵਿਚਕਾਰ ਹੋਇਆ, ਜਿਸ 'ਚੋਂ ਜਮਸ਼ੇਰ ਖਾਸ ਦੀ ਟੀਮ ਨੇ ਜਿੱਤ ਹਾਸਲ ਕੀਤੀ ਜਿਸ ਨੂੰ 3100 ਰੁਪਏ ਅਤੇ ਟਰਾਫੀ ਅਤੇ ਦੂਸਰੇ ਨੰਬਰ 'ਤੇ ਰਹੀ ਟੀਮ ਨੂੰ 2100 ਰੁਪਏ ਅਤੇ ਟਰਾਫੀ ਇਨਾਮ ਵਜੋਂ ਦਿੱਤੇ ਗਏ। ਅੰਡਰ 17 ਫਾਈਨਲ ਮੈਚ ਜਮਸ਼ੇਰ ਖੇੜਾ ਅਤੇ ਭੋਡੇ ਸਪਰਾਏ ਵਿਚਕਾਰ ਹੋਇਆ, ਜਿਸ 'ਚੋਂ ਭੋਡੇ ਸਪਰਾਏ ਦੀ ਟੀਮ ਜਿੱਤੀ ਨੂੰ 5100 ਰੁਪਏ ਅਤੇ ਟਰਾਫੀ ਅਤੇ ਦੂਸਰੇ ਨੰਬਰ 'ਤੇ ਆਈ ਟੀਮ ਨੂੰ 4100 ਰੁਪਏ ਅਤੇ ਟਰਾਫੀ ਇਨਾਮ ਵਜੋਂ ਦਿੱਤੇ ਗਏ। ਓਪਨ ਕੈਟਾਗਿਰੀ ਫਾਈਨਲ ਮੈਚ ਜਮਸ਼ੇਰ ਖੇੜਾ ਅਤੇ ਭੋਡੇ ਸਪਰਾਏ ਵਿਚਕਾਰ ਹੋਇਆ, ਜਿਸ 'ਚੋਂ ਜਮਸ਼ੇਰ ਖੇੜਾ ਦੀ ਟੀਮ ਜਿੱਤ ਨੇ ਹਾਸਲ ਕੀਤੀ ਜਿਸ ਨੂੰ 21000 ਰੁਪਏ ਅਤੇ ਟਰਾਫੀ ਅਤੇ ਦੂਸਰੇ ਨੰਬਰ 'ਤੇ ਆਈ ਟੀਮ ਨੂੰ 18000 ਰੁਪਏ ਅਤੇ ਟਰਾਫੀ ਇਨਾਮ ਵਜੋਂ ਦਿੱਤੇ ਗਏ। ਇਸ ਮੌਕੇ ਬੋਲਦਿਆਂ ਮੁੱਖ ਮਹਿਮਾਨ ਡਾ. ਰਮਨ ਕੋਹਲੀ ਨੇ ਕਿਹਾ ਕਿ ਕੋਚ ਦਲਜੀਤ ਸਿੰਘ ਸੰਧੂ ਦੇ ਯਤਨਾਂ ਸਦਕਾ ਕਰਵਾਏ ਗਏ ਇਸ ਫੁੱਟਬਾਲ ਟੂਰਨਾਮੈਂਟ ਦੀ ਸ਼ਲਾਘਾ ਕੀਤੀ। ਇਸ ਮੌਕੇ ਕੋਚ ਦਲਜੀਤ ਸਿੰਘ ਸੰਧੂ ਆਏ ਹੋਏ ਸਾਰੇ ਪਤਵੰਤਿਆਂ ਧੰਨਵਾਦ ਕਰਦਿਆਂ ਕਿਹਾ ਕਿ ਫੁੱਟਬਾਲ ਟੂਰਨਾਮੈਂਟ ਕਰਵਾਉਣ ਦਾ ਮੁੱਖ ਮਕਸਦ ਬੱਚਿਆਂ ਨੂੰ ਨਸ਼ਿਆਂ ਤੋਂ ਦੂਰ ਕਰਕੇ ਖੇਡਾਂ ਵੱਲ ਪ੍ਰੇਰਿਤ ਕਰਨਾ ਹੈ। ਇਸ ਮੌਕੇ ਡਾ. ਰਮਨ ਕੋਹਲੀ, ਲਾਇਨਜ ਕਲੱਬ ਨੂਰਮਹਿਲ ਦੇ ਮੈਂਬਰ, ਮਨਜੀਤ ਕੌਰ ਸਰਪੰਚ ਨਾਨਕ ਪਿੰਡੀ, ਰਾਮ ਕਿਸਨ ਸਰਪੰਚ ਖੇੜਾ, ਕੋਚ ਦਲਜੀਤ ਸਿੰਘ ਸੰਧੂ, ਕੀਮਤੀ ਲਾਲ, ਸਮਿੰਦਰ, ਗੁਰਜੋਤ ਆਦਿ ਤੋਂ ਇਲਾਵਾ ਪਿੰਡ ਦੇ ਪਤਵੰਤੇ ਹਾਜ਼ਰ ਸਨ।

ਨਗਰ ਕੌਂਸਲ ਅਲਾਵਲਪੁਰ ਵੱਲੋਂ ਹਾਊਸ 'ਚ 78.85 ਲੱਖ ਦੇ ਵਿਕਾਸ ਕਾਰਜਾਂ ਨੂੰ ਪ੍ਰਵਾਨਗੀ

ਅਲਾਵਲਪੁਰ (**ਮਦਨ ਬੰਗੜ**) ਨਗਰ ਕੌਂਸਲ ਅਲਾਵਲਪੁਰ ਦੀ ਅਹਿਮ ਮੀਟਿੰਗ ਕੌਂਸਲ ਦੇ ਦਫਤਰ ਵਿਖੇ ਪ੍ਰਧਾਨ ਨੀਲਮ ਰਾਣੀ ਦੀ ਪ੍ਰਧਾਨਗੀ ਹੇਠ ਹੋਈ ਜਿਸ 'ਚ ਉਚੇਚੇ ਤੌਰ 'ਤੇ ਹਲਕਾ ਵਿਧਾਇਕ ਸੁਖਵਿੰਦਰ ਕੋਟਲੀ ਵਲੋਂ ਸ਼ਿਰਕਤ ਕੀਤੀ ਗਈ। ਮੀਟਿੰਗ 'ਚ ਵੱਖ ਵੱਖ ਮੁੱਦਿਆਂ ਉਪਰ ਚਰਚਾ ਕੀਤੀ ਗਈ ਜਿਸ ਵਿੱਚ ਅਲਾਵਲਪੁਰ ਦੇ ਸਾਲ 1952 ਤੋਂ ਲੈ ਕੇ 2015 ਤੱਕ ਦੇ ਖਰਾਬ ਹੋ ਚੁੱਕੇ ਰਿਕਾਰਡ ਸਬੰਧਤ ਬਕਾਇਆ ਨੂੰ ਵੱਟੇ ਖਾਤੇ ਪਾਉਣ ਸੰਬੰਧੀ ਹਾਊਸ ਵਿੱਚ ਮਤੇ ਨੂੰ ਪ੍ਰਵਾਨਗੀ ਦੇਣ ਲਈ ਰੱਖਿਆ ਗਿਆ ਸੀ ਜਿਸ ਨੂੰ ਪੋਂਡਿੰਗ ਰੱਖਿਆ ਗਿਆ ਹੈ ਉਪਰੰਤ ਵਾਟਰ ਸਪਲਾਈ ਦੇ ਠੇਕੇ ਦੀ ਮਣਿਆਦ ਦਾ ਵਾਧਾ ਖਤਮ ਹੋਣ ਉਪਰੰਤ ਪੁਰਾਣੇ ਠੇਕੇਦਾਰ ਤੋਂ ਪੁਰਾਣੀਆਂ ਸ਼ਰਤਾਂ ਅਨੁਸਾਰ ਠੇਕੇ ਨੂੰ ਚਾਲੂ ਰੱਖਣ ਲਈ ਪ੍ਰਵਾਨਗੀ ਦਿੱਤੀ ਗਈ। ਮੀਟਿੰਗ ਵਿੱਚ ਸ਼ਹਿਰ ਦੇ ਵੱਖ-ਵੱਖ ਵਾਰਡਾਂ ਵਿੱਚ ਵਿਕਾਸ ਦੇ ਕੰਮਾਂ ਸੰਬੰਧੀ ਵਿਚਾਰ ਵਟਾਂਦਰਾ ਕਰਨ ਉਪਰੰਤ ਸ਼ਹਿਰ ਦੇ ਵਿਕਾਸ ਕਾਰਜਾਂ ਨੂੰ ਤੇਜੀ ਨਾਲ ਸ਼ੁਰੂ ਕਰਨ ਲਈ 78.85 ਲੱਖ ਦੇ ਵਿਕਾਸ ਕਾਰਜਾ ਨੂੰ ਹਾਊਸ ਵੱਲੋਂ ਪ੍ਰਵਾਨਗੀ ਦਿੱਤੀ ਗਈ। ਸ਼ਹਿਰ ਵਿਚ ਕ੍ਰਿਸਚੀਅਨ ਭਾਈਚਾਰੇ ਲਈ ਕਸਬਾ ਅਲਾਵਲਪੁਰ ਵਿਚ ਕਬਰਸਤਾਨ ਵਾਸਤੇ ਲੋੜ ਅਨੁਸਾਰ ਜ਼ਮੀਨ ਦੇਣ ਲਈ ਵੀ ਪ੍ਰਵਾਨਗੀ ਦਿੱਤੀ ਗਈ। ਸਟਰੀਟ ਲਾਈਟ ਸੰਬੰਧੀ ਮੈਂਟੀਨੈਂਸ ਦਾ ਠੇਕਾ ਸਰਕਾਰ ਵੱਲੋਂ ਜੋ ਪ੍ਰਾਈਵੇਟ ਕੰਪਨੀ ਨੂੰ ਦਿੱਤਾ ਗਿਆ ਹੈ ਕੰਪਨੀ ਵੱਲੋਂ ਸ਼ਹਿਰ ਦੀਆਂ ਸਟਰੀਟ ਲਾਈਟਾਂ ਦੇ ਫਾਲਟ ਨੂੰ ਸਮੇਂ ਸਿਰ ਠੀਕ ਨਹੀਂ ਕੀਤਾ ਜਾਂਦਾ ਆਮ ਲੋਕਾਂ ਨੂੰ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ ਇਸ ਲਈ ਇਸ ਕੰਪਨੀ ਦਾ ਠੇਕਾ ਕੌਂਸਲ ਕਰਕੇ ਨਗਰ ਕੌਂਸਲ ਦੇ ਅਧੀਨ ਕਰਨ ਸਬੰਧੀ ਮਾਮਲਾ ਕੌਂਸਲ ਵਿੱਚ ਪਾਸ ਕੀਤਾ ਗਿਆ ਤਾ ਜੋ ਨਗਰ ਕੌਂਸਲ ਆਪਣੇ ਪੱਧਰ 'ਤੇ ਸਟਰੀਟ ਲਾਈਟ ਦੇ ਕੰਮਕਾਜ ਨੂੰ ਸੁਚਾਰੂ ਢੰਗ ਨਾਲ ਕਰਕੇ ਲੋਕਾਂ ਨੂੰ ਸਹੂਲਤ ਪ੍ਰਦਾਨ ਕਰ ਸਕੇ ਮੀਟਿੰਗ ਵਿੱਚ ਵਾਧੂ ਆਈਟਮ 'ਚ ਦੱਸਿਆ ਗਿਆ ਹੈ। ਨਗਰ ਕੌਂਸਲ ਦੇ ਨਵੀਂ ਇਮਾਰਤ ਦੇ ਉਦਘਾਟਨ ਸੰਬੰਧੀ 9 ਜੁਲਾਈ ਨੂੰ ਰੱਖੇ ਗਏ ਸਮਾਗਮ 'ਚ ਸੁਖਮਣੀ ਸਾਹਿਬ ਦੇ ਪਾਠ ਦੇ ਭੋਗ 9 ਜੁਲਾਈ ਦਿਨ ਐਤਵਾਰ ਨੂੰ ਪਾਏ ਜਾਣਗੇ।

ਕੌਂਸਲ ਪ੍ਰਧਾਨ ਨੀਲਮ ਰਾਣੀ, ਹਲਕਾ ਵਿਧਾਇਕ ਸੁਖਵਿੰਦਰ ਕੋਟਲੀ, ਉਪ ਪ੍ਰਧਾਨ ਮੁਕੰਦਰ ਲਾਲ, ਬ੍ਰਿਜ ਭੂਸ਼ਨ, ਪੰਕਜ ਸ਼ਰਮਾ, ਮਦਨ ਲਾਲ ਮੱਦੀ, ਜਸਵੀਰ ਕੌਰ, ਕ੍ਰਿਸਨਾ ਦੇਵੀ, ਨਰੇਸ਼ ਕੁਮਾਰ, ਅਰਚਨਾ, ਕਵਿਤਾ ਰਾਣੀ, ਰਾਜ ਰਾਣੀ, ਕਲਾਰਕ ਓਮ ਪ੍ਰਕਾਸ਼ ਰਾਣਾ ਅਤੇ ਟਾਰਜਨ ਹਾਜ਼ਰ ਸਨ।

ਅਕਾਊਂਟੈਂਟ ਐਸੋਸੀਏਸ਼ਨ ਨੇ ਸਪੈਸ਼ਲ ਸਕੂਲ ਵਿਖੇ ਆਪਣਾ 75ਵਾਂ ਸਥਾਪਨਾ ਦਿਵਸ ਮਨਾਇਆ

ਹੁਸ਼ਿਆਰਪੁਰ, (**ਬਲਵੀਰ ਸਿੰਘ ਸੈਣੀ**)—ਸੀ.ਏ. ਤਰਨਜੀਤ ਸਿੰਘ ਪ੍ਰਧਾਨ ਆਸ਼ਾਦੀਪ ਵੈਲਫੇਅਰ ਸੁਸਾਇਟੀ ਦੇ ਦਿਸ਼ਾ ਨਿਰਦੇਸ਼ ਤੇ 'ਦਿ ਹੁਸ਼ਿਆਰਪੁਰ ਚਾਰਟਰਡ ਅਕਾਊਂਟੈਂਟ ਐਸੋਸੀਏਸ਼ਨ' ਨੇ ਸਪੈਸ਼ਲ ਸਕੂਲ ਵਿਖੇ ਆਪਣਾ 75ਵਾਂ ਸਥਾਪਨਾ ਦਿਵਸ ਮਨਾਇਆ। ਪ੍ਰਧਾਨ ਸੀ. ਏ. ਪੀ.ਕੇ.ਖੰਨਾ, ਸਕੱਤਰ ਗਗਨਦੀਪ ਸਿੰਘ ਪਸਰੀਚਾ, ਉਪ-ਪ੍ਰਧਾਨ ਸੀ.ਏ. ਤਰਨਜੀਤ ਸਿੰਘ ਅਤੇ ਹੋਰਨਾਂ ਨੇ ਮਿਲ ਕੇ ਸਕੂਲ ਦੇ ਵਿਹੜੇ ਵਿੱਚ ਪੌਦਾ ਲਗਾਇਆ, ਸਪੈਸ਼ਲ ਬੱਚਿਆਂ ਦੇ ਨਾਲ ਕੇਕ ਕੱਟਿਆ ਅਤੇ ਸੀ.ਏ. ਗਾਨ ਗਾਇਆ ਗਿਆ। ਇਸ ਮੌਕੇ 'ਤੇ ਸੀ.ਏ. ਤਰੁਨ ਚਾਵਲਾ (ਡਾਇਰੈਕਟਰ ਫਾਇਨੈਂਸ ਸੀ.ਐਫ.ਓ. ਵਰਧਮਾਨ ਯਾਰਨ ਅਤੇ ਥ੍ਰੈਡ ਲਿਮਟਿਡ ਹੁਸ਼ਿਆਰਪੁਰ) ਮੁੱਖ ਮਹਿਮਾਨ (ਗੈਸਟ ਆਫ ਆੱਨਰ) ਦੇ ਤੌਰ 'ਤੇ ਹਾਜ਼ਰ ਹੋਏ।

ਜੇ.ਐਸ.ਐਸ. ਆਸ਼ਾ ਕਿਰਨ ਪਿੰਗਲਵਾੜਾ ਸਪੈਸ਼ਲ ਸਕੂਲ ਦੇ ਗੂੰਗੇ ਤੇ ਬਹਿਰੇ ਬੱਚਿਆਂ ਨੇ ਸੰਕੇਤਿਕ ਭਾਸ਼ਾ ਵਿੱਚ ਰਾਸ਼ਟਰੀ ਗੀਤ ਪੇਸ਼ ਕੀਤਾ। ਪ੍ਰਿੰ: ਸ਼ੈਲੀ ਸ਼ਰਮਾ ਨੇ ਸਕੂਲ ਦੀਆਂ ਗਤੀਵਿਧੀਆਂ ਦੀ ਜਾਣਕਾਰੀ ਦਿੱਤੀ। ਪ੍ਰਧਾਨ ਤਰਨਜੀਤ ਸਿੰਘ ਸੀ.ਏ. ਨੇ ਚਾਰਟਰਡ ਅਕਾਊਂਟੈਂਟ ਦਿਵਸ ਦੀ ਜਾਣਕਾਰੀ ਦਿੱਤੀ ਅਤੇ ਸਕੂਲ ਦੇ ਬੱਚਿਆਂ ਦੇ ਲਾਲ ਆਪਣੇ ਅਨੁਭਵ ਸਾਂਝੇ ਕੀਤੇ ਤੇ 30 ਹਜ਼ਾਰ ਰੁਪਏ ਦੀ ਰਾਸ਼ੀ ਸਪੈਸ਼ਲ ਬੱਚਿਆਂ ਦੀ ਭਲਾਈ ਦੇ ਲਈ ਭੇਂਟ ਕੀਤੀ ਗਈ। ਸਪੈਸ਼ਲ ਬੱਚਿਆਂ ਵਿਚੋਂ ਭਾਵਿਕ ਨੇ ਰਾਸ਼ਟਰੀ ਗਾਨ, ਹਰਲੀਨ ਨੇ ਕਵਿਤਾ ਗਾਨ ਅਤੇ ਧੀਰਜ ਕੁਮਾਰ ਨੇ ਡਾਂਸ ਪੇਸ਼ ਕੀਤਾ। ਮੰਚ ਸੰਚਾਲਨ ਦੀ ਭੂਮਿਕਾ ਵਾਈਸ ਪ੍ਰਿੰਸੀਪਲ ਇੰਦੂ ਬਾਲਾ ਨੇ ਨਿਭਾਈ।

ਇਸ ਮੌਕੇ 'ਤੇ ਸੀ.ਏ. ਰਤਨਦੀਪ ਸਿੰਘ, ਸੀ.ਏ.ਰਜਨੀਸ਼ ਕੁਮਾਰ ਜੈਨ, ਸੀ.ਏ.ਆਦੇਸ਼ ਬਹਿਲ, ਸੀ.ਏ ਅਜੈ ਕੁਮਾਰ ਸੰਯੁਕਤ ਸਕੱਤਰ, ਸੀ.ਏ ਵਿਸ਼ਾਲ ਗੁਪਤਾ, ਅਤੇ ਹੋਰ ਸੀ.ਏ ਐਸੋਸੀਏਸ਼ਨ ਦੇ ਨਾਲ ਮੌਜੂਦ ਸਨ।

ਆਸ਼ਾਦੀਪ ਵੈਲਫੇਅਰ ਸੁਸਾਇਟੀ ਦੇ ਪਾਸਟ ਪ੍ਰੈਜ਼ੀਡੈਂਟ ਸ.ਮਲਕੀਤ ਸਿੰਘ ਮੇਹਰੂ, ਪਾਸਟ ਪ੍ਰੈਜ਼ੀਡੈਂਟ ਐਡਵੋਕੇਟ ਹਰੀਸ਼ ਐਰੀ, ਹਰੀਸ਼ ਠਾਕੁਰ, ਕਰਨਲ ਗੁਰਮੀਤ ਸਿੰਘ, ਰਾਮ ਆਸਰਾ, ਹਰਮੇ ਤਲਵਾੜ, ਡਾ.ਜੇ.ਐਸ.ਦਰਦੀ, ਹਰੀਸ਼ ਮਨੋਚਾ, ਬਲਰਾਮ ਜੜਿਆਲ, ਪ੍ਰਿੰ: ਸ਼ੈਲੀ ਸ਼ਰਮਾ, ਕੋਰਸ ਕੋਆਰਡੀਨੇਟਰ ਬਰਿੰਦਰ ਕੁਮਾਰ, ਸ਼੍ਰੀਮਤੀ ਅਮਨ ਜੋਤੀ ਹਾਜ਼ਰ ਸਨ।

ਕਥਾ ਦੇ ਚੌਥੇ ਦਿਨ ਸ਼ਹਿਰ ਦੀਆਂ ਨਾਮਵਰ ਸ਼ਖਸੀਅਤਾਂ ਨੇ ਕੀਤੀ ਸ਼ਮੂਲੀਅਤ

**ਮੋ

3-July-PAGE-9.qxd 7/2/2023 10:08 PM Page 1

ਚੋਰੀ ਦੇ ਮੋਟਰਸਾਇਕਲ ਤੇ ਖਿਡੌਣਾ ਪਿਸਤੋਲ ਸਮੇਤ ਕਾਬੂ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)- ਇੰਸਪੈਕਟਰ ਕਰਨੈਲ ਸਿੰਘ ਮੁੱਖ ਅਫਸਰ ਥਾਣਾ ਮਾਡਲ ਟਾਊਨ ਹੁਸ਼ਿਆਰਪੁਰ ਦੀ ਨਿਗਰਾਨੀ ਹੇਠ ਏ ਐਸ ਆਈ ਮਨਜੀਤ ਸਿੰਘ ਪੁਲਸ ਚੌਕੀ ਪੁਰਹੀਰਾ ਨੇ ਸਮੇਤ ਪੁਲਸ ਪਾਰਟੀ ਨੇ ਨਾਕਾਬੰਦੀ ਦੌਰਾਨ ਮੋਟਰਸਾਈਕਲ ਹਾਂਡਾ ਸ਼ਾਈਨ ਜਿਸ ਨੂੰ ਅੱਗੇ ਨੰਬਰ ਐਚ ਪੀ -20-ਘ-0990 ਅਤੇ ਪਿਛਲੀ ਪਲੇਟ 'ਤੇ ਨੰਬਰ ਐਚ ਪੀ -20-ਘ-0996 ਨੰਬਰ 'ਤੇ ਸਵਾਰ ਹੋ ਕੇ ਆ ਰਹੇ ਮਲਕੀਤ ਉਰਫ ਮਿਲਖੀ ਰਾਮ ਪੁੱਤਰ ਹਰੀ ਚੰਦ ਵਾਸੀ ਘੋੜਾਵਾਹੀ ਥਾਣਾ ਕਰਤਾਰਪੁਰ ਜਿਲਾ ਜਲੰਧਰ ਹਾਲ ਵਾਸੀ ਨੇੜੇ ਹਨੂਮਾਨ ਮੰਦਿਰ ਸੁੰਦਰ ਨਗਰ ਥਾਣਾ ਮਾਡਲ ਟਾਊਨ ਹੁਸ਼ਿਆਰਪੁਰ ਨੂੰ ਚੋਰੀ ਸ਼ੁਦਾ ਮੋਟਰਸਾਈਕਲ ਸਮੇਤ ਕਾਬੂ ਕੀਤਾ ਅਤੇ ਚੈਕਿੰਗ ਦੌਰਾਨ ਉਸ ਪਾਸੋਂ ਇੱਕ ਖਿਲੋਣਾ ਪਿਸਤੌਲ ਵੀ ਬ੍ਰਾਮਦ ਹੋਇਆ। ਜਿਸ 'ਤੇ ਮੁਕੱਦਮਾ ਥਾਣਾ ਮਾਡਲ ਟਾਊਨ ਜ਼ਿਲ੍ਹਾ ਹੁਸ਼ਿਆਰਪੁਰ ਦਰਜ ਕੀਤਾ ਗਿਆ। ਮਿਲਖੀ ਰਾਮ ਨੇ ਮੰਨਿਆ ਕਿ ਇਹ ਮੋਟਰਸਾਈਕਲ ਉਸ ਨੇ ਜ਼ਿਲ੍ਹਾ ਊਨਾ ਹਿਮਾਚਲ ਪ੍ਰਦੇਸ਼ ਤੋਂ ਚੋਰੀ ਕੀਤਾ ਹੈ।

ਥਾਣਾ ਸਤਨਾਮਪੁਰਾ ਦੇ ਬਾਹਰ ਸਪੈਸ਼ਲ ਨਾਕਾਬੰਦੀ ਕਰਕੇ ਚਲਾਨ ਕੱਟੇ

ਫਗਵਾੜਾ (ਰਮਨ ਸ਼ਰਮਾ) ਰੋਜਾਨਾ ਦੀ ਜ਼ਿੰਦਗੀ 'ਚ ਹੋ ਰਹੀਆ ਦੁਰਘਟਨਾਵਾਂ ਨੂੰ ਰੋਕਣ ਅਤੇ ਟ੍ਰੈਫਿਕ ਨਿਯਮਾਂ ਨੂੰ ਸੁਚਾਰੂ ਢੰਗ ਨਾਲ ਲਾਗੂ ਕਰਨ ਦੇ ਉਦੇਸ਼ ਸਦਕਾ ਐਸ.ਐਸ.ਪੀ. ਕਪੂਰਥਲਾ ਦੀਆਂ ਹਿਦਾਇਤਾਂ 'ਤੇ ਥਾਣਾ ਸਤਨਾਮਪੁਰਾ ਕੋਲ ਸਪੈਸ਼ਲ ਨਾਕਾਬੰਦੀ ਕਰ ਐਸ.ਆਈ.ਬਲਵੀਰ ਸਿੰਘ ਦੀ ਅਗਵਾਈ ਹੇਠ ਏ.ਐਸ.ਆਈ.ਸੁਖਵਿੰਦਰ ਸਿੰਘ,ਸੁਖਰਾਜ ਸਿੰਘ, ਕੇਹਰ ਸਿੰਘ,ਸੁਖਜਿੰਦਰ ਸਿੰਘ,ਪੀ.ਐਚ.ਸੀ.ਜਸਵੰਤ ਸਿੰਘ, ਦਵਿੰਦਰ ਸਿੰਘ,ਰਾਜਵੀਰ ਕੌਰ,ਬਲਵੀਰ ਕੌਰ ਵਲੋਂ ਵਾਹਨਾਂ ਦੀ ਚੈਕਿੰਗ ਕੀਤੀ ਗਈ। ਇਸ ਦੌਰਾਨ ਕਾਗਜ ਪੂਰੇ ਨਾ ਹੋਣ ਵਾਲਿਆ ਦੇ ਚਲਾਨ ਵੀ ਕੀਤੇ ਗਏ। ਇੱਕ ਮੋਟਰਸਾਈਕਲ ਵੀ ਬਾਊਂਡ ਕੀਤਾ ਗਿਆ ਤੇ ਕੁਝ ਲੋਕਾਂ ਨੂੰ ਹਿਦਾਇਤ ਕਰ ਛੱਡਿਆ।

ਡਾ. ਜਸਵੰਤ ਸਿੰਘ ਥਿੰਦ ਨੂੰ ਕੀਤਾ ਸਨਮਾਨਤ

ਮਾਹਿਲਪੁਰ, (ਨਿਰਮਲ ਸਿੰਘ ਮੁੱਗੋਵਾਲ)-ਸਿੱਧ ਜੋਗੀ ਟਰੱਸਟ ਖਾਨਪੁਰ ਵੱਲੋਂ ਡਾਕਟਰ ਜਸਵੰਤ ਸਿੰਘ ਥਿੰਦ ਐਸ.ਐਮ.ਓ. ਮਾਹਿਲਪੁਰ ਦੀ ਅਗਵਾਈ ਹੇਠ ਸਮੇਂ ਸਮੇਂ ਤੇ ਵੱਖ ਵੱਖ ਪਿੰਡਾਂ ਅਤੇ ਧਾਰਮਿਕ ਅਸਥਾਨਾਂ ਤੇ ਹੋ ਰਹੇ ਸਮਾਗਮਾਂ ਦੌਰਾਨ ਮੁਫਤ ਮੈਡੀਕਲ ਕੈਂਪ ਲਗਾ ਕੇ ਪੁੰਨ ਦਾ ਕਾਰਜ ਕੀਤਾ ਜਾ ਰਿਹਾ ਹੈ। ਸਮੁੱਚੀ ਟੀਮ ਮਰੀਜਾਂ ਦਾ ਚੈਕਅੱਪ ਕਰਕੇ ਉਨ੍ਹਾਂ ਨੂੰ ਮੁਫਤ ਦਵਾਈਆਂ ਦੇ ਰਹੀ ਹੈ। ਡੇਰਾ ਰਤਨਪੁਰੀ ਜੇਜੋ ਦੋਆਬਾ ਵਿਖੇ ਹੋਏ ਧਾਰਮਿਕ ਸਮਾਗਮ ਦੌਰਾਨ ਡਾਕਟਰ ਜਸਵੰਤ ਸਿੰਘ ਥਿੰਦ ਨੂੰ ਉਨ੍ਹਾਂ ਦੀਆਂ ਸ਼ਾਨਦਾਰ ਸੇਵਾਵਾਂ ਦੀ ਬਦੌਲਤ ਸਨਮਾਨਤ ਕੀਤਾ ਗਿਆ। ਇਸ ਮੌਕੇ ਸੰਤ ਕੁਲਵੰਤ ਰਾਮ ਭਰੋਮਜਾਰਾ ਪ੍ਰਧਾਨ ਸ੍ਰੀ ਗੁਰੂ ਰਵਿਦਾਸ ਸਾਧੂ ਸੰਪਰਦਾ, ਸੰਤ ਜਸਵਿੰਦਰ ਸਿੰਘ ਡਾਡੀਆ, ਸੰਤ ਬੀਬੀ ਮੀਨਾ ਦੇਵੀ, ਸੰਤ ਸਤਨਾਮ ਦਾਸ ਮਹਿਦੂਦ, ਸੰਤ ਅਮਨਦੀਪ ,ਸੰਤ ਹਰੀ ਓਮ,ਸੰਤ ਨਿਰਮਲ ਦਾਸ,ਸੰਤ ਮੇਜਰ ਦਾਸ ਸਮੇਤ ਇਲਾਕੇ ਦੇ ਸੰਤ ਮਹਾਂਪੁਰਸ਼ ਹਾਜਰ ਸਨ।

ਸਥਾਪਨਾ ਦਿਵਸ ਸਕੂਲ 'ਚ ਪੌਦੇ ਲਗਾ ਕੇ ਮਨਾਇਆ

ਨੂਰਮਹਿਲ, (ਬਾਲ ਕ੍ਰਿਸ਼ਨ ਬਾਲੀ)-ਸਵੱਛ ਵਾਤਾਵਰਨ ਵਿੱਚ ਹੀ ਇਕ ਨਰੋਆ ਮਨ ਹੋ ਸਕਦਾ ਹੈ ਤੇ ਇਕ ਸਵੱਸਥ ਮਨ ਹੀ ਵਧੀਆ ਸਿਹਤ ਦਾ ਰਾਜ ਹੈ। ਸੋ ਜਿੱਥੇ ਵਾਤਾਵਰਨ ਸ਼ੁੱਧ ਅਤੇ ਪਵਿੱਤਰ ਹੈ ਉੱਥੋਂ ਮਨੁੱਖ ਦੀ ਉੱਨਤੀ ਅਤੇ ਤਰੱਕੀ ਲਈ ਕੋਈ ਰੁਕਾਵਟ ਨਹੀਂ ਪੈਂਦੀ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸਟੇਟ ਬੈਂਕ ਆਫ ਇੰਡੀਆ ਦੀ ਬ੍ਰਾਂਚ ਨੂਰਮਹਿਲ ਦੇ ਚੀਫ ਮੈਨੇਜਰ ਮੈਡਮ ਨੀਨਾ ਅਰੋੜਾ ਨੇ ਬੈਂਕ ਦੇ ਸਥਾਪਨਾ ਦਿਵਸ ਮੌਕੇ ਸਰਕਾਰੀ ਪ੍ਰਾਇਮਰੀ ਸਕੂਲ ਚੀਮਾ ਕਲਾਂ-ਖੁਰਦ ਵਿਖੇ ਪੌਦੇ ਲਗਾਉਣ ਸਮੇਂ ਕੀਤਾ। ਉਨ੍ਹਾਂ ਕਿਹਾ ਕਿ ਸਕੂਲ ਵਿੱਚ ਵਧੀਆ ਤੇ ਸਾਫ ਸੁਥਰਾ ਵਾਤਾਵਰਨ ਬੱਚਿਆਂ ਦੇ ਸਿੱਖਣ ਸਿਖਾਉਣ ਵਿਚ ਵੀ ਸਹਾਈ ਹੁੰਦਾ ਹੈ ਤੇ ਬੈਂਕ ਹੋਰ ਸਹੂਲਤਾਂ ਦੇ ਨਾਲ ਨਾਲ ਸਮਾਜ ਸੇਵਾ ਦੇ ਕਾਰਜਾਂ ਵਿਚ ਵੀ ਵੱਧ ਚੜ੍ਹ ਕੇ ਹਿੱਸਾ ਲੈ ਰਹੀ ਹੈ। ਇਸ ਮੌਕੇ ਵੱਖ ਵੱਖ ਸਕੂਲ ਅਤੇ ਸੰਸਥਾਵਾਂ ਵਿੱਚ 100 ਦੇ ਕਰੀਬ ਪੌਦੇ ਲਗਾਏ ਗਏ ਅਤੇ ਦੋ-ਤਿੰਨ ਦਿਨ ਵਿਚ 300 ਪੌਦੇ ਲਗਾਉਣ ਦਾ ਟੀਚਾ ਰੱਖਿਆ ਗਿਆ ਹੈ। ਇਸ ਮੌਕੇ ਜਿੱਥੇ ਮੈਨੇਜਰ ਨੀਨਾ ਅਰੋੜਾ ਵਲੋਂ ਸਟਾਫ ਨੂੰ ਸਨਮਾਨਿਤ ਕੀਤਾ ਗਿਆ ਉੱਥੇ ਹੀ ਸਕੂਲ ਮੁਖੀ ਵਲੋਂ ਵੀ ਮੈਡਮ ਅਰੋੜਾ ਨੂੰ ਯਾਦਗਾਰੀ ਚਿੰਨ੍ਹ ਭੇਟ ਕੀਤਾ ਗਿਆ। ਇਸ ਮੌਕੇ ਮੈਡਮ ਸਰਵਜੀਤ ਕੌਰ, ਕੁੱਕ ਏਕਤਾ , ਬਖਸ਼ੋ , ਬੈਂਕ ਸਟਾਫ ਅਤੇ ਵਿਦਿਆਰਥੀ ਵੀ ਹਾਜਰ ਸਨ।

ਚੋਰੀ ਕੀਤੇ ਸੋਨੇ ਦੇ ਗਹਿਣਿਆਂ ਸਮੇਤ ਔਰਤ ਗ੍ਰਿਫਤਾਰ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)—ਇੰਸ: ਕਰਨੈਲ ਸਿੰਘ ਮੁੱਖ ਅਫਸਰ ਥਾਣਾ ਮਾਡਲ ਟਾਊਨ ਹੁਸ਼ਿਆਰਪੁਰ ਦੀ ਨਿਗਰਾਨੀ ਹੇਠ ਏ ਐਸ ਆਈ ਅਸ਼ੋਕ ਕੁਮਾਰ ਨੇ ਸਮੇਤ ਪੁਲਿਸ ਪਾਰਟੀ ਗਸ਼ਤ ਦੇ ਦੌਰਾਨ ਸੁਖਵਿੰਦਰ ਕੌਰ ਉਰਫ ਸੁਮਨ ਪਤਨੀ ਸਾਗਰ ਵਾਸੀ ਪਿੰਡ ਹਰਦੋਖਾਨਪੁਰ ਥਾਣਾ ਮਾਡਲ ਟਾਊਨ ਜ਼ਿਲ੍ਹਾ ਹੁਸ਼ਿਆਰਪੁਰ ਨੂੰ ਟਾਂਡਾ ਰੋਡ ਹੁਸ਼ਿਆਰਪੁਰ ਤੋਂ ਗ੍ਰਿਫਤਾਰ ਕਰਕੇ ਉਸ ਪਾਸੋਂ ਪੁੱਛਗਿਛ ਕੀਤੀ ਤਾਂ ਸੁਖਵਿੰਦਰ ਕੌਰ ਉਰਫ ਸੁਮਨ ਨੇ ਦੀਪਕ ਭੰਡਾਰੀ ਪੁੱਤਰ ਰਮੇਸ਼ ਭੰਡਾਰੀ ਵਾਸੀ ਨਿਊ ਮਾਡਲ ਟਾਊਨ ਹੁਸ਼ਿਆਰਪੁਰ ਦੇ ਘਰ ਚੋਰੀ ਆਪਣੇ ਪਤੀ ਸਾਗਰ ਪੁੱਤਰ ਸੁਖਦੇਵ ਲਾਲ ਵਾਸੀ ਹਰਦੋਖਾਨਪੁਰ ਅਤੇ ਦਿਲਬਾਗ ਸਿੰਘ ਉਰਫ ਦਾਗੂ ਪੁੱਤਰ ਸ਼ਾਮ ਲਾਲ ਵਾਸੀ ਹਰਦੋਖਾਨਪੁਰ ਨਾਲ ਮਿਲ ਕੇ ਕੀਤੀ ਜਾਣੀ ਮੰਨੀ ਹੈ ਅਤੇ ਇਸਦੇ ਇੰਕਸ਼ਾਫ ਮੁਤਾਬਿਕ ਚੋਰੀ ਕੀਤੇ ਗਹਿਣਿਆ ਵਿੱਚੋਂ ਕੁੱਝ ਗਹਿਣੇ ਸੋਨੇ ਦੇ ਇਸ ਪਾਸੋਂ ਬ੍ਰਾਮਦ ਕੀਤੇ ਗਏ ਹਨ।

ਕਾਬੂ ਚੋਰ ਤੋਂ 2 ਐਕਟਿਵਾ ਬਰਾਮਦ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)—ਸੰਜੀਵਨ ਸਿੰਘ ਮੁੱਖ ਅਫਸਰ ਥਾਣਾ ਸਿਟੀ ਹੁਸ਼ਿਆਰਪੁਰ ਦੀ ਟੀਮ ਨੂੰ ਉਸ ਸਮੇਂ ਵੱਡੀ ਸਫਲਤਾ ਮਿਲੀ ਜਦੋਂ ਏ.ਐਸ.ਆਈ. ਕੋਸ਼ਲ ਚੰਦਰ ਸਮੇਤ ਸਾਥੀ ਕਰਮਚਾਰੀਆ ਨੇ ਗੋਰਵ ਪੁੱਤਰ ਸੋਮਨਾਥ ਵਾਸੀ ਬਹਾਦਰਪੁਰ ਥਾਣਾ ਸਿਟੀ,ਹੁਸ਼ਿਆਰਪੁਰ ਨੂੰ ਧੋਬੀ ਘਾਟ ਚੌਕ ਹੁਸ਼ਿਆਰਪੁਰ ਵਿਖੇ ਨਾਕਾ ਲਗਾ ਕੇ ਕਾਬੂ ਕੀਤਾ, ਪੁੱਛਗਿੱਛ ਦੌਰਾਨ ਉਕਤ ਵਿਅਕਤੀ ਨੇ ਦੱਸਿਆ ਕਿ ਅੱਜ ਤੋਂ ਕਰੀਬ ਇੱਕ ਮਹੀਨਾ ਪਹਿਲਾਂ ਮੈਂ ਤੇ ਮੋਨੂੰ ਵਾਸੀ ਕਮੇਟੀ ਬਜਾਰ ਹੁਸ਼ਿਆਰਪੁਰ ਦੇ ਨਾਲ ਰਲ ਕੇ ਐਕਟਿਵਾ ਚੋਰੀ ਕੀਤੀ ਸੀ। ਜਿਸ 'ਤੇ ਥਾਣਾ ਸਿਟੀ ਵਿਖੇ ਮੁਕੱਦਮਾ ਦਰਜ ਕੀਤਾ ਗਿਆ ਸੀ। ਇਸ ਸਬੰਧੀ ਪੁਲਸ ਮੁਲਾਜਮਾਂ ਨੇ ਦੱਸਿਆ ਕਿ ਗ੍ਰਿਫਤਾਰ ਕੀਤੇ ਗਏ ਵਿਅਕਤੀ ਕੋਲੋ ਚੋਰੀ ਸ਼ੁਦਾ 2 ਐਕਟਿਵਾ ਬ੍ਰਾਮਦ ਕੀਤੀਆਂ ਗਈਆਂ ਹਨ।

ਇਮੀਗ੍ਰੇਸ਼ਨ ਫਰਮਾਂ ਦੀ ਚੈਕਿੰਗ ਲਈ ਵਿਸ਼ੇਸ਼ ਟੀਮਾਂ ਦਾ ਗਠਨ

ਜਲੰਧਰ, (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ) ਜ਼ਿਲ੍ਹੇ ਵਿੱਚ ਬੈਠੇ ਟਰੈਵਲ ਏਜੰਟਾਂ ਵੱਲੋਂ ਕੀਤੀਆਂ ਜਾ ਰਹੀਆਂ ਠੱਗੀਆਂ ਨੂੰ ਠੱਲ੍ਹ ਪਾਉਣ ਲਈ ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ ਵੱਲੋਂ ਸਮੁੱਚੀਆਂ ਇਮੀਗ੍ਰੇਸ਼ਨ ਫਰਮਾਂ ਦੀ ਚੈਕਿੰਗ ਲਈ ਵਿਸ਼ੇਸ਼ ਟੀਮਾਂ ਦਾ ਗਠਨ ਕੀਤਾ ਗਿਆ ਹੈ। ਆਪਣੇ ਹੁਕਮਾਂ ਵਿੱਚ ਡਿਪਟੀ ਕਮਿਸ਼ਨਰ ਵੱਲੋਂ ਉਪ ਮੰਡਲ ਮੈਜਿਸਟ੍ਰੇਟਸ, ਡਿਪਟੀ ਸੁਪਰਡੈਂਟਸ ਆਫ ਪੁਲਸ, ਸਟੇਸ਼ਨ ਹਾਊਸ ਅਫਸਰਾਂ ਅਤੇ ਤਹਿਸੀਲਦਾਰਾਂ ਸਮੇਤ ਮੈਂਬਰ ਕਮੇਟੀਆਂ ਦਾ ਗਠਨ ਕੀਤਾ ਗਿਆ ਅਤੇ ਸਾਰੀਆਂ ਇਮੀਗ੍ਰੇਸ਼ਨ ਫਰਮਾਂ ਦੀ ਫਿਜੀਕਲ ਵੈਰੀਫਿਕੇਸ਼ਨ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਸਾਰੀਆਂ ਫਰਮਾਂ ਨੂੰ ਪੰਜਾਬ ਟਰੈਵਲ ਪ੍ਰੋਫੈਸ਼ਨਲਜ ਰੈਗੂਲੇਸ਼ਨ ਐਕਟ 2014 ਤਹਿਤ ਨਿਰਧਾਰਤ ਨਿਯਮਾਂ ਦੀ ਸਖਤੀ ਨਾਲ ਪਾਲਣਾ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ ਤਾਂ ਜੋ ਲੋਕਾਂ ਨੂੰ ਕਿਸੇ ਕਿਸਮ ਦੀ ਧੋਖਾਦੇਹੀ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਅੱਗੇ ਕਿਹਾ ਕਿ ਇਸ ਐਕਟ ਦੇ ਨਿਰਦੇਸ਼ਾਂ ਅਨੁਸਾਰ ਸਾਰੇ ਲਾਇਸੰਸਧਾਰਕ ਆਪਣੀ ਮਹੀਨਾਵਾਰ ਕਾਰੋਬਾਰੀ ਰਿਪੋਰਟ ਜ਼ਿਲ੍ਹਾ ਪ੍ਰਸ਼ਾਸਨ ਪਾਸ ਜਮ੍ਹਾ ਕਰਵਾਉਣ ਲਈ ਪਾਬੰਦ ਹਨ। ਇਸੇ ਤਰ੍ਹਾਂ ਜ਼ਿਲ੍ਹਾ ਪ੍ਰਸ਼ਾਸਨ ਨੂੰ ਇਨ੍ਹਾਂ ਫਰਮਾਂ ਦੀ ਸਮੇਂ-ਸਮੇਂ 'ਤੇ ਚੈਕਿੰਗ ਕਰਨ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ।

ਮਾਨ ਸਰਕਾਰ ਹਿਮਾਚਲ ਦੀ ਕਾਂਗਰਸ ਸਰਕਾਰ ਵੱਲੋਂ ਚੰਡੀਗੜ੍ਹ 'ਤੇ ਦਾਅਵੇ ਦੀਆਂ ਗੱਲਾਂ ਨੂੰ ਸਿਰੇ ਤੋਂ ਖਾਰਜ ਕਰਦੀ ਹੈ : ਕੰਗ

ਚੰਡੀਗੜ੍ਹ (ਗੁਰਜੀਤ ਬਿੱਲਾ) ਹਿਮਾਚਲ ਦੀ ਕਾਂਗਰਸ ਸਰਕਾਰ ਦਾ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਉੱਤੇ ਦਾਅਵਾ ਬੇਤੁਕਾ ਅਤੇ ਸਾਜ਼ਿਸ਼ ਭਰਿਆ ਹੈ। ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਮਾਨ ਸਰਕਾਰ ਇਸ ਅਖੌਤੀ ਦਾਅਵੇ ਨੂੰ ਸਿਰੇ ਤੋਂ ਖਾਰਜ ਕਰਦੀ ਹੈ।

ਅਸੀਂ ਪੰਜਾਬ ਦੇ ਹੱਕਾਂ 'ਤੇ ਕਿਸੇ ਵੱਲੋਂ ਵੀ ਡਾਕਾ ਮਾਰਨ ਦੀ ਕੋਈ ਵੀ ਹਰਕਤ ਬਰਦਾਸ਼ਤ ਨਹੀਂ ਕਰਾਂਗੇ। ਆਮ ਆਦਮੀ ਪਾਰਟੀ ਚੰਡੀਗੜ੍ਹ ਦੇ ਪਾਰਟੀ ਦਫਤਰ ਤੋਂ ਜਾਰੀ ਆਪਣੇ ਇੱਕ ਬਿਆਨ ਵਿੱਚ 'ਆਪ ਪੰਜਾਬ ਦੇ ਮੁੱਖ ਬੁਲਾਰੇ ਮਲਵਿੰਦਰ ਸਿੰਘ ਕੰਗ ਨੇ ਹਿਮਾਚਲ ਦੀ ਕਾਂਗਰਸ ਸਰਕਾਰ ਵੱਲੋਂ ਚੰਡੀਗੜ੍ਹ ਉੱਪਰ ਜਤਾਏ ਜਾ ਰਹੇ ਦਾਅਵੇ ਨੂੰ ਸਿਰੇ ਤੋਂ ਖਾਰਜ ਕੀਤਾ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਦੇ ਪਿੰਡਾਂ ਨੂੰ ਉਜਾੜ ਕੇ ਵਸਾਏ ਚੰਡੀਗੜ੍ਹ ਉੱਤੇ ਸਿਰਫ ਪੰਜਾਬ ਦਾ ਹੱਕ ਹੈ, ਪਰ ਅਫਸੋਸ ਕਿ ਵੀਹਵੀਂ ਸਦੀ ਦੇ ਸੱਠਵਿਆਂ ਦੌਰਾਨ ਜਿੱਥੇ ਵੇਲੇ ਦੀ ਕੇਂਦਰੀ ਕਾਂਗਰਸ ਸਰਕਾਰ ਨੇ ਪੰਜਾਬ ਦੇ ਟੋਟੇ ਕੀਤੇ, ਉੱਥੇ ਚੰਡੀਗੜ੍ਹ 'ਤੇ ਹਰਿਆਣੇ ਦਾ ਹੱਕ ਪੱਕਾ ਕਰ ਪੰਜਾਬ ਨਾਲ ਧੋਖਾ ਵੀ ਕੀਤਾ।

ਸ. ਕੰਗ ਨੇ ਅੱਗੇ ਸਵਾਲ ਕਰਦਿਆਂ ਹਿਮਾਚਲ ਕਾਂਗਰਸ ਦੇ ਇੰਚਾਰਜ ਅਤੇ ਪੰਜਾਬ ਦੀ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੂੰ ਪੁੱਛਿਆ ਕਿ ਹਿਮਾਚਲ ਕਾਂਗਰਸ ਸਰਕਾਰ ਵੱਲੋਂ ਕੀਤੀਆਂ ਜਾ ਰਹੀਆਂ ਇਨ੍ਹਾਂ ਸਾਜ਼ਿਸ਼ਾਂ ਵਿੱਚ ਕੀ ਉਹ ਵੀ ਸ਼ਾਮਲ ਹਨ? ਕੀ ਪ੍ਰਤਾਪ ਬਾਜਵਾ ਇਸ ਮੁੱਦੇ 'ਤੇ ਆਪਣਾ ਸਟੈਂਡ ਸਪੱਸ਼ਟ ਕਰਨਗੇ? ਕੰਗ ਨੇ ਭਾਜਪਾ ਅਤੇ ਕਾਂਗਰਸ ਉੱਪਰ ਹੱਲਾ ਬੋਲਦਿਆਂ ਸਖਤ ਸ਼ਬਦਾਂ ਵਿੱਚ ਕਿਹਾ ਕਿ ਇਤਿਹਾਸ ਗਵਾਹ ਹੈ ਕਿ ਇਨ੍ਹਾਂ ਦੋਵਾਂ ਪਾਰਟੀਆਂ ਨੇ ਸਦਾ ਪੰਜਾਬ ਦੇ ਹੱਕਾਂ ਉੱਪਰ ਡਾਕਾ ਮਾਰਨ ਦੀ ਕੋਸ਼ਿਸ਼ ਕੀਤੀ ਹੈ, ਪਰ ਸੂਬੇ ਦੀ ਮਾਨ ਸਰਕਾਰ ਕਿਸੇ ਨੂੰ ਵੀ ਪੰਜਾਬ ਵੱਲ ਕੈਰੀ ਅੱਖ ਨਾਲ ਝਾਕਣ ਨਹੀਂ ਦੇਵੇਗੀ। ਅਸੀਂ ਪੰਜਾਬੀਆਂ ਨੂੰ ਯਕੀਨ ਦਿਵਾਉਂਦੇ ਹਾਂ ਕਿ ਆਮ ਆਦਮੀ ਪਾਰਟੀ ਅਤੇ ਮਾਨ ਸਰਕਾਰ ਪੰਜਾਬ ਦੇ ਹਿੱਤਾਂ 'ਤੇ ਸਦਾ ਡਟ ਕੇ ਪਹਿਰਾ ਦੇਵੇਗੀ।

ਐੱਨ ਆਈ ਏ ਵੱਲੋਂ ਤੜਕਸਾਰ ਸੈਦਪੁਰ ਦੇ ਇਕ ਘਰ 'ਚ ਛਾਪਾ

ਮਾਮਲੇ ਬਾਰੇ ਕੁਝ ਪਤਾ ਨਹੀ ਲੱਗਾ

ਸ਼ਾਹਕੋਟ (ਗਿਆਨ ਸੈਦਪੁਰੀ) ਸ਼ੁੱਕਰਵਾਰ ਸਵੇਰੇ ਪੌਣੇ ਪੰਜ ਵਜੇ ਪਿੰਡ ਸੈਦਪੁਰ ਝਿੜੀ ਦੇ ਲਹਿੰਦੇ ਪਾਸੇ ਬਾਬਾ ਸੈਦਰਾਣਾ ਦੀ ਦਰਗਾਹ ਦੇ ਨੇੜੇ ਵੱਸਦੇ 8-10 ਘਰਾਂ ਦੇ ਲੋਕ ਹੈਰਾਨ ਤੇ ਪ੍ਰੇਸ਼ਾਨ ਹੋ ਗਏ ਜਦੋਂ 25-30 ਪੁਲਸ ਵਾਲਿਆਂ ਨੇ ਇੱਕ ਘਰ ਨੂੰ ਘੇਰਾ ਪਾ ਲਿਆ ਤੇ ਅੰਦਰ ਬਾਹਰ ਤਲਾਸ਼ੀ ਸ਼ੁਰੂ ਕਰ ਦਿੱਤੀ। ਪ੍ਰਤੱਖ ਦਰਸ਼ੀਆਂ ਅਨੁਸਾਰ ਪੁਲਸ ਸਾਢੇ ਨੌਂ ਵਜੇ ਤੱਕ ਉਸੇ ਘਰ ਵਿੱਚ ਰਹੀ। ਇਸੇ ਦੌਰਾਨ ਪਿੰਡ ਦੇ ਕੁਝ ਮੋਹਤਬਾਰ ਵਿਅਕਤੀ ਵੀ ਪਹੁੰਚ ਗਏ। ਪਤਾ ਲੱਗਾ ਕੇ ਉਸ ਘਰ ਦੇ ਇੱਕ 20-21 ਸਾਲਾ ਨੌਜਵਾਨ ਕੋਲੋਂ ਕਿਸੇ ਮਾਮਲੇ ਬਾਰੇ ਪੁੱਛ ਗਿੱਛ ਕੀਤੀ ਗਈ ਹੈ। ਇਸ ਨੌਜਵਾਨ ਦੇ ਪਿਤਾ ਦੀ ਮੌਤ ਹੋ ਚੁੱਕੀ ਹੈ ਤੇ ਘਰ ਵਿੱਚ ਮਾਂ ਪੁੱਤ ਹੀ ਰਹਿੰਦੇ ਹਨ। ਪ੍ਰਾਪਤ ਜਾਣਕਾਰੀ ਅਨੁਸਾਰ ਤੜਕੇ ਕੀਤੀ ਗਈ ਛਾਪੇਮਾਰੀ ਵਿੱਚ ਨੈਸ਼ਨਲ ਇਨਵੈਸਟੀਗੇਸ਼ਨ, ਸੀ. ਆਈ. ਏ ਅਤੇ ਮਾਡਲ ਥਾਣਾ ਸ਼ਾਹਕੋਟ ਦੇ ਅਧਿਕਾਰੀ ਤੇ ਕਰਮਚਾਰੀ ਸ਼ਾਮਲ ਸਨ। ਸਥਾਨਕ ਪੁਲਸ ਸੁਰੱਖਿਆ ਵਜੋਂ ਘਰ ਦੇ ਬਾਹਰ ਤੈਨਾਤ ਸੀ। ਐਨ. ਆਈ. ਏ. ਦੀ ਟੀਮ ਦੀ ਅਗਵਾਈ ਇੱਕ ਮਹਿਲਾ ਅਧਿਕਾਰੀ ਕਰ ਰਹੀ ਸੀ। ਉਸ ਟੀਮ ਨੇ ਕਿਸ ਮਾਮਲੇ ਬਾਰੇ ਪੁੱਛ-ਗਿੱਛ ਕੀਤੀ, ਉਸ ਨੂੰ ਕੁਝ ਨਹੀਂ ਪਤਾ। ਮਾਡਲ ਥਾਣਾ ਦੇ ਐਸ. ਐਚ. ਓ. ਮੈਡਮ ਅਮਨਪ੍ਰੀਤ ਕੌਰ ਨੇ ਦੱਸਿਆ ਕਿ ਉਨ੍ਹਾਂ ਨੂੰ ਇਸ ਮਾਮਲੇ ਬਾਰੇ ਕੁਝ ਨਹੀਂ ਦੱਸਿਆ ਗਿਆ। ਛਾਪਾਮਾਰੀ ਦੀ ਉਨ੍ਹਾਂ ਨੂੰ ਅਗਾਊਂ ਵੀ ਕੋਈ ਸੂਚਨਾ ਨਹੀਂ ਸੀ। ਜਿਸ ਨੌਜਵਾਨ ਕੋਲੋਂ ਪੁੱਛ-ਗਿੱਛ ਕੀਤੀ ਗਈ ਦੱਸੀ ਜਾਂਦੀ ਹੈ, ਉਸ ਨਾਲ ਗੱਲ ਕੀਤੀ ਗਈ ਤਾਂ ਉਸ ਨੇ ਇੰਨਾਂ ਹੀ ਆਖਿਆ ਕਿ ਟੀਮ ਨੂੰ ਕਿਸੇ ਹੋਰ ਨੌਜਵਾਨ ਦੀ ਭਾਲ ਸੀ ਜਿਸ ਦਾ ਨਾਂਅ ਅਤੇ ਵਲਦੀਅਤ ਮੇਰੇ ਵਾਲੀ ਸੀ।

ਪਰੇਮ ਸਾਗਰ ਸ

3-JULY-PAGE-10.qxd 7/2/2023 8:47 PM Page 1

ਬੀ ਕੇ ਯੂ ਉਗਰਾਹਾਂ ਵੱਲੋਂ ਲੇਲੇਵਾਲਾ 'ਚ ਪੱਕਾ ਮੋਰਚਾ

ਤਲਵੰਡੀ ਸਾਬੋ (ਜਗਦੀਪ ਗਿੱਲ)

ਅੱਜ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਬਲਾਕ ਤਲਵੰਡੀ ਸਾਬੋ ਤੇ ਬਲਾਕ ਮੌੜ ਵੱਲੋਂ ਗੈਸ ਪਾਈਪ ਲਾਈਨ ਕੰਪਨੀ ਤੋਂ ਪੂਰਾ ਮੁਆਵਜ਼ਾ ਲੈਣ ਲਈ ਪਿੰਡ ਲੇਲੇਵਾਲਾ ਵਿਖੇ ਪੱਕਾ ਮੋਰਚਾ ਸ਼ੁਰੂ ਕਰ ਦਿੱਤਾ ਹੈ। ਇਸ ਤੋਂ ਪਹਿਲਾਂ ਤਲਵੰਡੀ ਸਾਬੋ ਸ਼ਹਿਰ ਵਿੱਚ ਮੁਜ਼ਾਹਰਾ ਕੀਤਾ। ਅੱਜ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਜਨਰਲ ਸਕੱਤਰ ਹਰਜਿੰਦਰ ਸਿੰਘ ਬੱਗੀ ਅਤੇ ਜ਼ਿਲ੍ਹਾ ਕਮੇਟੀ ਮੈਂਬਰ ਜਗਦੇਵ ਸਿੰਘ ਜੋਗੇਵਾਲਾ ਨੇ ਕਿਹਾ ਕਿ ਜੀ ਆਈ ਜੀ ਐਲ ਕੰਪਨੀ ਵੱਲੋਂ ਕਿਸਾਨਾਂ ਦੇ ਖੇਤਾਂ ਵਿੱਚ ਗੈਸ ਪਾਈਪ ਲਾਈਨ ਬਿਨਾਂ ਮੁਆਵਜ਼ਾ ਜਾਂ ਨਿਗੂਣਾ ਮੁਆਵਜ਼ਾ ਦੇ ਕੇ ਧੱਕੇ ਨਾਲ ਪਾਈ ਜਾ ਰਹੀ ਸੀ। ਕਿਸਾਨ ਸੰਘਰਸ਼ ਦੇ ਦਬਾਅ ਹੇਠ ਪਿਛਲੀ ਦਿਨੀਂ 15 ਮਈ ਨੂੰ ਡੀ ਸੀ ਬਠਿੰਡਾ ਵੱਲੋਂ ਤਲਵੰਡੀ ਸਾਬੋ ਵਿਖੇ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਨਾਲ ਮੀਟਿੰਗ ਹੋਈ ਸੀ।

ਮੀਟਿੰਗ ਦੌਰਾਨ ਸਹਿਮਤੀ ਬਣੀ ਸੀ ਕਿ ਪਾਈਪ ਲਾਈਨ ਦਾ ਮੁਆਵਜ਼ਾ 24 ਲੱਖ ਰੁਪਏ ਪ੍ਰਤੀ ਏਕੜ ਦਿੱਤਾ ਜਾਵੇਗਾ। ਜਿਨ੍ਹਾਂ ਕਿਸਾਨਾਂ ਦੇ ਖੇਤਾਂ ਵਿੱਚ ਕੰਮ ਰੁਕਿਆ ਹੈ ਅੱਜ ਤੱਕ ਫਸਲ ਦਾ ਸਾਰਾ ਮੁਆਵਜ਼ਾ ਦਿੱਤਾ ਜਾਵੇਗਾ। ਜਿਨ੍ਹਾਂ ਖੇਤਾਂ ਵਿਚ ਪਹਿਲਾਂ ਪਹਿਲ ਕੰਮ ਹੋ ਚੁੱਕਾ ਹੈ ਅਤੇ ਉਨ੍ਹਾਂ ਨੂੰ ਦੋ-ਤਿੰਨ ਲੱਖ ਰੁਪਏ ਪ੍ਰਤੀ ਏਕੜ ਤੱਕ ਹੀ ਮੁਆਵਜ਼ਾ ਦਿੱਤਾ ਹੈ, ਉਨ੍ਹਾਂ ਸਾਰੇ ਕਿਸਾਨਾਂ ਨੂੰ 24 ਲੱਖ ਰੁਪਏ ਪ੍ਰਤੀ ਏਕੜ ਮੁਆਵਜ਼ਾ ਦਿੱਤਾ ਜਾਵੇਗਾ। ਇਹ ਸਮਝੌਤਾ ਲਿਖਤੀ ਤੌਰ 'ਤੇ ਕੀਤਾ ਗਿਆ ਸੀ ਜਿਸ ਵਿੱਚ ਕਿਸਾਨ ਆਗੂਆਂ ਤੋਂ ਇਲਾਵਾ ਡਿਪਟੀ ਕਮਿਸ਼ਨਰ ਬਠਿੰਡਾ, ਐਸ ਐਸ ਪੀ ਬਠਿੰਡਾ, ਐਸ ਡੀ ਐਮ ਤਲਵੰਡੀ ਸਾਬੋ ਅਤੇ ਕੰਪਨੀ ਦੇ ਅਧਿਕਾਰੀ ਸ਼ਾਮਲ ਸਨ। ਪਰ ਪ੍ਰਸ਼ਾਸਨ ਅਤੇ ਕੰਪਨੀ ਵੱਲੋਂ ਸਮਝੌਤੇ ਤੋਂ ਟਾਲਾ ਵੱਟਿਆ ਜਾ ਰਿਹਾ ਹੈ। ਅੱਜ ਦੇ ਇਕੱਠ ਵੱਲੋਂ ਭੁੱਚੋ ਖੁਰਦ ਵਿਖੇ ਕਿਸਾਨਾਂ ਅਤੇ ਸੰਗਰੂਰ ਵਿਖੇ ਕੱਚੇ ਅਧਿਆਪਕਾਂ 'ਤੇ ਕੀਤੇ ਲਾਠੀਚਾਰਜ ਦੀ ਜ਼ੋਰਦਾਰ ਸ਼ਬਦਾਂ ਵਿਚ ਨਿਖੇਧੀ ਕੀਤੀ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਸਰਕਾਰ ਵੀ ਪਹਿਲੀਆਂ ਸਰਕਾਰਾਂ ਦੀ ਤਰ੍ਹਾਂ ਜਬਰ ਢਾਹ ਰਹੀ ਹੈ। ਇਸ ਸਮੇਂ ਜਸਵੀਰ ਸਿੰਘ ਸੇਮਾ, ਰਣਜੋਧ ਸਿੰਘ ਮਾਹੀ ਨੰਗਲ ਤੇ ਬਲਾਕ ਮੌੜ ਦੇ ਆਗੂ ਗੁਰਦੀਪ ਸਿੰਘ ਮਾਈਸਰਖਾਨਾ, ਗੁਰਜੀਤ ਸਿੰਘ ਬੰਗੇਹਰ, ਬਲਾਕ ਸੰਗਤ ਤੋਂ ਕੁਲਵੰਤ ਸ਼ਰਮਾ ਅਤੇ ਧਰਮਪਾਲ ਸਿੰਘ ਝੰਡੀਆਂ ਵੀ ਹਾਜ਼ਰ ਸਨ।

ਸੋਨ ਤਮਗਾ ਜਿੱਤਣ 'ਤੇ ਗਗਨਦੀਪ ਨੂੰ ਵਿਧਾਇਕਾ ਨੇ ਕੀਤਾ ਸਨਮਾਨਤ

ਸ਼ਾਰਖੰਡ ਵਿਖੇ ਹੋਈ ਸੀਨੀਅਰ ਨੈਸ਼ਨਲ ਡਰੈਗਨ ਬੋਟ ਚੈਂਪੀਅਨਸ਼ਿਪ ਵਿੱਚ ਸੋਨੇ ਦੇ ਤਮਗਾ ਜਿੱਤਣ ਵਾਲੇ ਗਗਨਦੀਪ ਸਿੰਘ ਨੂੰ ਸਨਮਾਨਤ ਕਰਦੇ ਹਲਕਾ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ।

ਮੋਗਾ (ਅਮਰਜੀਤ ਬੱਬਰੀ)-ਬੀਤੇ ਦਿਨੀਂ ਝਾਰਖੰਡ ਵਿਖੇ ਹੋਈ ਸੀਨੀਅਰ ਨੈਸ਼ਨਲ ਡਰੈਗਨ ਬੋਟ ਚੈਂਪੀਅਨਸ਼ਿਪ ਵਿੱਚ ਸੋਨੇ ਦਾ ਤਮਗਾ ਜਿੱਤ ਕੇ ਮੋਗਾ ਜ਼ਿਲ੍ਹੇ ਦਾ ਨਾਮ ਰੋਸ਼ਨ ਕਰਨ 'ਤੇ ਹਲਕਾ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਖਿਡਾਰੀ ਗਗਨਦੀਪ ਸਿੰਘ ਨੂੰ ਮੈਡਲ, ਸਿਰੋਪਾ ਤੇ ਸਨਮਾਨ ਚਿੰਨ੍ਹ ਦੇ ਕੇ ਉਸ ਦੀ ਹੌਸਲਾ ਅਫਜ਼ਾਈ ਕੀਤੀ। ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਕਿਹਾ ਕਿ ਖਿਡਾਰੀ ਗਗਨਦੀਪ ਸਿੰਘ ਨੇ ਹੁਣ ਚਾਈਨਾ ਵਿੱਚ ਹੋਣ ਵਾਲੀ ਏਸ਼ੀਅਨ ਚੈਂਪੀਅਨਸ਼ਿਪ ਲਈ ਇੰਡੀਅਨ ਕੈਂਪ ਵਿੱਚ ਜਗ੍ਹਾ ਬਣਾਈ ਹੈ। ਉਨ੍ਹਾ ਗਗਨਦੀਪ ਸਿੰਘ ਨੂੰ ਵਧਾਈ ਦਿੰਦੇ ਹੋਏ ਉਸ ਦੇ ਆਉਣ ਵਾਲੇ ਚੰਗੇ ਭਵਿੱਖ ਦੀ ਕਾਮਨਾ ਕੀਤੀ। ਉਨ੍ਹਾਂ ਖਿਡਾਰੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਖੇਡਾਂ ਸਾਡੇ ਜੀਵਨ ਦਾ ਵੱਖਰਾ ਅੰਗ ਹੈ, ਜਿਸ ਨੂੰ ਖੇਡਣ ਨਾਲ ਸਾਡਾ ਸਰੀਰ ਤੰਦਰੁਸਤ ਰਹਿੰਦਾ ਹੈ। ਉਨ੍ਹਾਂ ਹੋਰਨਾਂ ਖਿਡਾਰੀਆਂ ਨੂੰ ਵੀ ਗਗਨਦੀਪ ਸਿੰਘ ਤੋਂ ਪ੍ਰੇਰਣਾ ਲੈ ਕੇ ਖੇਡਾਂ ਵਿੱਚ ਮੱਲਾਂ ਮਾਰਨ ਤੇ ਆਪਣੇ ਮਾਪਿਆਂ ਤੇ ਮੋਗਾ ਜ਼ਿਲ੍ਹੇ ਦਾ ਨਾਂਅ ਰੋਸ਼ਨ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸ਼ਰਮਾ, ਡਿਪਟੀ ਮੇਅਰ ਅਸ਼ੋਕ ਧਮੀਜਾ, ਕੌਂਸਲਰ ਪ੍ਰਵੀਨ ਮੱਕੜ ਤੋਂ ਇਲਾਵਾ ਗਗਨਦੀਪ ਸਿੰਘ ਦੇ ਮਾਤਾ-ਪਿਤਾ ਹਾਜ਼ਰ ਸਨ।

ਡੀ ਸੀ ਵੱਲੋਂ ਵੱਖ-ਵੱਖ ਸਰਕਾਰੀ ਯੋਜਨਾਵਾਂ ਨੂੰ ਲਾਗੂ ਕਰਨ ਦੀ ਪ੍ਰਗਤੀ ਦਾ ਜਾਇਜ਼ਾ

ਸੰਗਰੂਰ (ਪ੍ਰਵੀਨ ਸਿੰਘ)-ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਨੇ ਜ਼ਿਲ੍ਹੇ ਵਿੱਚ ਵੱਖ-ਵੱਖ ਯੋਜਨਾਵਾਂ ਨੂੰ ਲਾਗੂ ਕਰਨ ਦੀ ਪ੍ਰਗਤੀ ਸਬੰਧੀ ਜਾਇਜ਼ਾ ਲੈਣ ਲਈ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨਾਲ ਸਮੀਖਿਆ ਮੀਟਿੰਗ ਕੀਤੀ। ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਹੋਈ ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਨੇ ਸਮੂਹ ਉੱਪ-ਮੰਡਲ ਮੈਜਿਸਟਰੇਟ ਨੂੰ ਹਦਾਇਤ ਕੀਤੀ ਕਿ ਸੇਵਾ ਕੇਂਦਰਾਂ ਵਿਖੇ ਪ੍ਰਾਪਤ ਹੋਣ ਵਾਲੀਆਂ ਅਰਜ਼ੀਆਂ ਦਾ ਨਿਰਧਾਰਤ ਸਮੇਂ ਅੰਦਰ ਨਿਪਟਾਰਾ ਕਰਨ ਨੂੰ ਯਕੀਨੀ ਬਣਾਇਆ ਜਾਵੇ ਤੇ ਸਬ ਡਵੀਜ਼ਨ ਪੱਧਰ 'ਤੇ ਇਸ ਬਾਰੇ ਨਿਰੰਤਰ ਸੇਵਾ ਕੇਂਦਰਾਂ ਦੇ ਸਟਾਫ਼ ਤੋਂ ਜਾਇਜ਼ਾ ਲਿਆ ਜਾਵੇ ਤਾਂ ਜੋ ਨਾਗਰਿਕਾਂ ਦੇ ਕੀਮਤੀ ਸਮੇਂ ਦੀ ਬੱਚਤ ਹੋ ਸਕੇ। ਜਤਿੰਦਰ ਜੋਰਵਾਲ ਨੇ ਸਕੱਤਰ ਆਰ.ਟੀ.ਏ. ਤੋਂ ਡਰਾਇਵਿੰਗ ਲਾਇਸੰਸ ਤੇ ਵਾਹਨਾਂ ਦੀ ਰਜਿਸਟਰੇਸ਼ਨ ਕਾਪੀ ਸਬੰਧੀ ਬਕਾਇਆ ਬਿਨੈ-ਪੱਤਰਾਂ 'ਤੇ ਕੀਤੀ ਜਾ ਰਹੀ ਕਾਰਵਾਈ ਦਾ ਵੀ ਜਾਇਜ਼ਾ ਲਿਆ। ਉਨ੍ਹਾ ਕਿਹਾ ਕਿ ਸਰਕਾਰੀ ਵਿਭਾਗਾਂ ਵਿੱਚ ਨਾਗਰਿਕਾਂ ਦੇ ਕੰਮ ਤਰਜੀਹੀ ਆਧਾਰ 'ਤੇ ਕਰਨੇ ਯਕੀਨੀ ਬਣਾਏ ਜਾਣ, ਕਿਉਂਕਿ ਨਾਗਰਿਕਾਂ ਨੂੰ ਪ੍ਰਸ਼ਾਸਨਕ ਸੇਵਾਵਾਂ ਦੇਣ 'ਚ ਲਾਪ੍ਰਵਾਹੀ ਬਰਦਾਸ਼ਤਯੋਗ ਨਹੀਂ ਹੈ। ਡਿਪਟੀ ਕਮਿਸ਼ਨਰ ਨੇ ਜਲ ਜੀਵਨ ਮਿਸ਼ਨ, ਸਵੱਛ ਭਾਰਤ ਮਿਸ਼ਨ, ਮਗਨਰੇਗਾ ਤਹਿਤ ਜ਼ਿਲ੍ਹੇ ਵਿੱਚ ਚੱਲ ਰਹੇ ਪ੍ਰੋਜੈਕਟਾਂ ਦੀ ਪ੍ਰਗਤੀ ਦਾ ਵੀ ਜਾਇਜ਼ਾ ਲਿਆ। ਉਨ੍ਹਾ ਕਿਹਾ ਕਿ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਦੀ ਇੰਨ ਬਿੰਨ ਪਾਲਣਾ ਨੂੰ ਯਕੀਨੀ ਬਣਾਇਆ ਜਾਵੇ। ਉਨ੍ਹਾ ਸ਼ਹਿਰੀ ਵਿਕਾਸ ਲਈ ਨਿਰਧਾਰਤ ਵੱਖ-ਵੱਖ ਯੋਜਨਾਵਾਂ ਤਹਿਤ ਕੀਤੇ ਜਾ ਰਹੇ ਕਾਰਜਾਂ ਦੇ ਨਾਲ ਨਾਲ ਸੜਕਾਂ ਦੇ ਮੁਰੰਮਤ ਕਾਰਜਾਂ, ਲਾਭਪਾਤਰੀਆਂ ਨੂੰ ਪੈਨਸ਼ਨਾਂ ਦੀ ਵੰਡ ਦੀ ਸਥਿਤੀ, ਸਰਕਾਰੀ ਤੇ ਪ੍ਰਾਈਵੇਟ ਨਸ਼ਾ ਮੁਕਤੀ ਤੇ ਮੁੜ ਵਸੇਬਾ ਕੇਂਦਰਾਂ ਵਿਖੇ ਜ਼ੇਰੇ ਇਲਾਜ ਮਰੀਜ਼ਾਂ, ਓਟ ਕਲੀਨਿਕਾਂ 'ਤੇ ਮੁਹੱਈਆ ਕਰਵਾਈਆਂ ਜਾ ਰਹੀਆਂ ਇਲਾਜ ਸੁਵਿਧਾਵਾਂ ਆਦਿ ਦਾ ਵੀ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਤੋਂ ਜਾਇਜ਼ਾ ਲਿਆ। ਮੀਟਿੰਗ ਦੌਰਾਨ ਵਧੀਕ ਡਿਪਟੀ ਕਮਿਸ਼ਨਰ ਅਨਮੋਲ ਸਿੰਘ ਧਾਲੀਵਾਲ, ਸਹਾਇਕ ਕਮਿਸ਼ਨਰ ਨਿਤੇਸ਼ ਜੈਨ, ਐੱਸ ਡੀ ਐੱਮ ਸੰਗਰੂਰ ਨਵਰੀਤ ਕੌਰ ਸੇਖੋਂ, ਐੱਸ.ਡੀ.ਐੱਮ. ਧੂਰੀ ਅਮਿਤ ਗੁਪਤਾ, ਐੱਸ.ਡੀ.ਐੱਮ. ਦਿੜ੍ਹਬਾ ਰਾਜੇਸ਼ ਸ਼ਰਮਾ, ਐੱਸ.ਡੀ.ਐੱਮ. ਸੁਨਾਮ ਜਸਪ੍ਰੀਤ ਸਿੰਘ, ਐੱਸ ਡੀ ਐੱਮ ਲਹਿਰਾ ਸੂਬਾ ਸਿੰਘ, ਸਕੱਤਰ ਆਰ.ਟੀ.ਏ. ਵਿਨੀਤ ਕੁਮਾਰ, ਸਿਵਲ ਸਰਜਨ ਡਾ. ਪਰਮਿੰਦਰ ਕੌਰ ਸਮੇਤ ਹੋਰ ਅਧਿਕਾਰੀ ਹਾਜ਼ਰ ਸਨ।

ਕਾਤਰਾਂ

ਵਰਿੰਦਾਬਨ ਤੇ ਗੋਵਰਧਨ ਧਾਮ ਵਿਖੇ ਜਲ ਸੇਵਾ ਲਈ ਵਾਟਰ ਟੈਂਕਰ ਰਵਾਨਾ

ਜਗਰਾਉਂ (ਅਮਿਤ ਖੰਨਾ)-ਨਾਨਕਸਰ ਜਗਰਾਉਂ ਦੇ ਨਜ਼ਦੀਕੀ ਪੈਂਦੇ ਹੀਰਾ ਐਨੀਮਲਜ਼ ਹਸਪਤਾਲ ਸੁਸਾਇਟੀ ਵੱਲੋਂ ਵਰਿੰਦਾਬਨ ਤੇ ਗੋਵਰਧਨ ਧਾਮ ਵਿਖੇ 26 ਜੂਨ ਤੋਂ 4 ਜੁਲਾਈ ਤੱਕ ਗੁਰੂ ਪੂਰਨਿਮਾ ਅਤੇ ਇਕਾਦਸ਼ੀ ਦੇ ਮੌਕੇ ਜਲ ਦੀ ਨਿਸ਼ਕਾਮ ਸੇਵਾ ਕਰਨ ਲਈ ਵਾਟਰ ਟੈਂਕਰ ਰਵਾਨਾ ਕੀਤਾ। ਸੁਸਾਇਟੀ ਦੇ ਮੁੱਖ ਸੇਵਾਦਾਰ ਕੁਲਵਿੰਦਰ ਸਿੰਘ ਨੇ ਦੱਸਿਆ ਕਿ ਵਰਿੰਦਾਬਨ ਤੇ ਗੋਵਰਧਨ ਧਾਮ ਵਿਖੇ ਗੁਰੂ ਪੂਰਨਿਮਾ ਤੇ ਇਕਾਦਸ਼ੀ ਦੇ ਮੌਕੇ ਹਜ਼ਾਰਾਂ ਸ਼ਰਧਾਲੂ ਨਤਮਸਤਕ ਹੁੰਦੇ ਹਨ ਜਿਨ੍ਹਾਂ ਨੂੰ ਉਸ ਸਮੇਂ ਪਾਣੀ ਦੀ ਵੱਡੀ ਜ਼ਰੂਰਤ ਪੈਂਦੀ ਹੈ ਜਿਸ ਨੂੰ ਮੁੱਖ ਰੱਖਦਿਆਂ ਅੱਜ ਹੀਰਾ ਐਨੀਮਲਜ਼ ਹਸਪਤਾਲ ਸੁਸਾਇਟੀ ਵੱਲੋਂ ਵਾਟਰ ਟੈਂਕਰ ਭੇਜਿਆ ਗਿਆ ਹੈ ਜੋ 4 ਜੁਲਾਈ ਨੂੰ ਸਮਾਪਤੀ ਤੱਕ ਉੱਕਤ ਅਸਥਾਨਾਂ 'ਤੇ ਜਲ ਦੀ ਸੇਵਾ ਕਰੇਗਾ। ਇਸ ਮੌਕੇ ਉਨ੍ਹਾ ਨਾਲ ਗੁਰਮਿੰਦਰ ਸਿੰਘ, ਮੰਦਰ ਸਿੰਘ, ਗੁਰਦੀਪ ਸਿੰਘ, ਦਵਿੰਦਰ ਸਿੰਘ ਢਿੱਲੋ, ਸੁੱਖੀ ਕਾਉਂਕੇ ਆਦਿ ਵੀ ਹਾਜ਼ਰ ਸਨ।

ਬੈਂਕ ਕਾਲੋਨੀ ਵਾਸੀਆਂ ਵੱਲੋਂ ਸਫ਼ਾਈ ਮੁਹਿਮ ਸ਼ੁਰੂ

ਮਾਛੀਵਾੜਾ ਸਾਹਿਬ (ਸ਼ੌਕੀ ਸ਼ਰਮਾ, ਜਗਦੀਸ਼ ਰਾਏ)-ਮਾਛੀਵਾੜਾ-ਸਮਰਾਲਾ ਰੋਡ 'ਤੇ ਸਥਿਤ ਬੈਂਕ ਕਾਲੋਨੀ ਦੀ ਵੈਲਫੇਅਰ ਸੁਸਾਇਟੀ ਵੱਲੋਂ ਲੋਕਾਂ ਦੇ ਸਹਿਯੋਗ ਨਾਲ ਸਫ਼ਾਈ ਮੁਹਿਮ ਦਾ ਆਗਾਜ਼ ਕੀਤਾ ਗਿਆ ਅਤੇ ਸੜਕਾਂ ਦੇ ਆਲੇ-ਦੁਆਲੇ ਘਾਹ, ਬੂਟੀ ਨੂੰ ਸਾਫ਼ ਕੀਤਾ ਗਿਆ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਸੁਸਾਇਟੀ ਦੇ ਚੇਅਰਮੈਨ ਜਗਜੀਤ ਸਿੰਘ ਪ੍ਰਿਥੀਪੁਰ ਨੇ ਦੱਸਿਆ ਕਿ ਬੈਂਕ ਕਾਲੋਨੀ ਦੀ ਦਿੱਖ ਨੂੰ ਸੁਧਾਰਨ ਲਈ ਸਫ਼ਾਈ ਮੁਹਿਮ ਆਰੰਭੀ ਗਈ ਹੈ, ਜਿਸ ਵਿਚ ਹਰੇਕ ਘਰ 'ਚੋਂ ਇੱਕ-ਇੱਕ ਮੈਂਬਰ ਨੇ ਸ਼ਮੂਲੀਅਤ ਕੀਤੀ ਹੈ। ਸੁਸਾਇਟੀ ਦੇ ਪ੍ਰਧਾਨ ਡਾ. ਜਸਬੀਰ ਸਿੰਘ ਰਾਣਾ ਨੇ ਕਿਹਾ ਕਿ ਕਾਲੋਨੀ ਦੀ ਸੁੰਦਰਤਾ ਲਈ ਆਉਣ ਵਾਲੇ ਦਿਨਾਂ 'ਚ ਬੂਟੇ ਵੀ ਲਗਾਏ ਜਾਣਗੇ। ਉਨ੍ਹਾਂ ਕਿਹਾ ਕਿ ਸੁਸਾਇਟੀ ਵੱਲੋਂ ਭਵਿੱਖ ਵਿਚ ਵੀ ਅਜਿਹੇ ਕਾਰਜ ਕੀਤੇ ਜਾਣਗੇ। ਇਸ ਮੌਕੇ ਵਾਈਸ ਪ੍ਰਧਾਨ ਸੂਬੇਦਾਰ ਗੁਰਚਰਨ ਸਿੰਘ, ਜਨਰਲ ਸਕੱਤਰ ਧਰਮਿੰਦਰ ਸਿੰਘ ਵਿੱਕੀ, ਜੁਆਇੰਟ ਸਕੱਤਰ ਸੁਖਵੀਰ ਸਿੰਘ ਸੈਣੀ, ਕੁਲਵੰਤ ਸਿੰਘ ਗਿੱਲ, ਮਹਾਂਵੀਰ ਪੰਡਿਤ, ਜਸਵੀਰ ਸਿੰਘ ਅਕਾਲਗੜ੍ਹ, ਜਨਕ ਰਾਜ ਵੀ ਮੌਜੂਦ ਸਨ।

ਕੰਗਾਰੂ ਅਬਰੋਡ ਵੱਲੋਂ ਜਲਾਲਾਬਾਦ 'ਚ 5 ਨੂੰ ਫ੍ਰੀ ਸੈਮੀਨਾਰ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਦਾ ਕੰਗਾਰੂ ਅਬਰੋਡ ਫਿਰੋਜ਼ਪੁਰ ਦੀ ਜਲਾਲਾਬਾਦ ਬ੍ਰਾਂਚ ਵਿਖੇ 5 ਜੁਲਾਈ ਨੂੰ ਬਾਹਰ ਜਾਣ ਵਾਸਤੇ ਵੱਖ ਵੱਖ ਦੇਸ਼ਾਂ ਦੀ ਜਾਣਕਾਰੀ ਲੈਣ ਵਾਸਤੇ ਫ੍ਰੀ ਸੈਮੀਨਾਰ ਲਗਾਇਆ ਜਾ ਰਿਹਾ ਹੈ। ਇਸ ਬਾਰੇ ਵਧੇਰੇ ਜਾਣਕਾਰੀ ਦਿੰਦਿਆਂ ਦਾ ਕੰਗਾਰੂ ਅਬਰੋਡ ਦੇ ਮੈਨੇਜਿੰਗ ਡਾਇਰੈਕਟਰ ਗੁਰਵਿੰਦਰ ਸਿੰਘ ਖਹਿਰਾ ਨੇ ਦੱਸਿਆ ਕਿ ਪਿਛਲੇ ਦਿਨੀਂ ਲੁਧਿਆਣਾ ਵਿਖੇ ਵੱਖ ਵੱਖ ਦੇਸ਼ਾਂ ਦੇ ਵੱਖ ਵੱਖ ਕਾਲਜਾਂ ਅਤੇ ਯੂਨੀਵਰਸਿਟੀਆਂ ਤੋਂ ਡੈਲੀਗੇਟਾਂ ਨਾਲ ਮੀਟਿੰਗ ਹੋਈ ਹੈ, ਜਿਸ ਦੇ ਸੰਬੰਧ ਵਿਚ ਸਾਡੇ ਕੰਗਾਰੂ ਅਬਰੋਡ ਜਲਾਲਾਬਾਦ ਦੀ ਬ੍ਰਾਂਚ ਵਿਖੇ ਵਿਦਿਆਰਥੀਆਂ ਲਈ ਫ੍ਰੀ ਸੈਮੀਨਾਰ ਲਗਾਇਆ ਜਾ ਰਿਹਾ ਹੈ, ਜਿਸ ਵਿਚ ਵਿਦਿਆਰਥੀ ਵੀਜ਼ਾ, ਵਿਜ਼ਿਟਰ ਵੀਜ਼ਾ, ਵਰਕ ਪਰਮਿਟ ਵਾਸਤੇ ਜਾਣਕਾਰੀ ਦਿੱਤੀ ਜਾਵੇਗੀ। ਉਨ੍ਹਾ ਕਿਹਾ ਕਿ ਸੈਮੀਨਾਰ ਵਿਚ ਆਉਣ ਵਾਲੇ ਬੱਚੇ ਆਪੋ ਆਪਣੇ ਪੜ੍ਹਾਈ ਦੇ ਸਰਟੀਫਿਕੇਟਾਂ ਦੀਆਂ ਫੋਟੋ ਕਾਪੀਆਂ ਅਤੇ ਅਸਲ ਸਰਟੀਫਿਕੇਟ ਨਾਲ ਲੈ ਕੇ ਆਉਣ।

ਗੋਪੀ ਸ਼ਰਮਾ ਵੱਲੋਂ ਛੱਤੀਸਗੜ੍ਹ ਦੇ ਵਿਧਾਨ ਸਭਾ ਦੌਦੀ ਲੋਹਾਰਾ ਦੇ ਪਾਰਟੀ ਵਰਕਰਾਂ ਨਾਲ ਮੀਟਿੰਗਾਂ

ਜਗਰਾਉਂ (ਅਮਿਤ ਖੰਨਾ)-ਛੱਤੀਸਗੜ੍ਹ ਵਿਧਾਨ ਸਭਾ ਦੌਦੀ ਲੋਹਾਰਾ ਵਿੱਚ ਪਿਛਲੇ 10 ਦਿਨਾਂ ਤੋਂ ਗੋਪੀ ਸ਼ਰਮਾ ਦੁਆਰਾ ਪਿੰਡਾਂ ਅਤੇ ਵਾਰਡਾਂ ਵਿੱਚ ਪਾਰਟੀ ਵੱਲੋਂ ਲਗਾਈ ਜ਼ਿੰਮੇਵਾਰੀ ਨਿਭਾਉਂਦੇ ਰਾਜਹਾਰਾ ਦੇ ਆਪ ਵਲੰਟੀਅਰਾਂ ਨਾਲ ਮਿਲ ਕੇ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਸੰਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ ਆਪ ਸਰਕਾਰ ਵੱਲੋਂ ਦਿੱਲੀ ਅਤੇ ਪੰਜਾਬ ਵਿੱਚ ਚੱਲ ਰਹੀ ਸਿੱਖਿਆ ਅਤੇ ਹੈਲਥ ਸੁਵਿਧਾਵਾਂ ਬਾਰੇ ਦੱਸਿਆ। ਦੂਜੇ ਪਾਸੇ ਲੋਕਾਂ ਨੇ ਦੱਸਿਆ ਕਿ ਛੱਤੀਸਗੜ੍ਹ ਵਿੱਚ ਕਾਂਗਰਸ ਸਰਕਾਰ ਨੇ ਵਿਕਾਸ ਦੇ ਨਾਂਅ 'ਤੇ ਲੋਕਾਂ ਨਾਲ ਮਖੌਲ ਹੀ ਕੀਤਾ ਹੈ, ਦੂਜੇ ਪਾਸੇ ਮੋਦੀ ਸਰਕਾਰ ਦੇ ਤਾਨਾਸ਼ਾਹੀ ਰਵੱਈਏ ਅਤੇ ਲੱਕ ਤੋੜ ਮਹਿਗਾਈ ਤੋਂ ਹੁਣ ਤੰਗ ਆ ਚੁੱਕੇ ਹਨ। ਹੁਣ ਛੱਤੀਸਗੜ੍ਹ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਨਾ ਤੈਅ ਹੈ।

ਪਾਕਿਸਤਾਨ ਸਰਕਾਰ ਸਿੱਖਾਂ ਦੀ ਧਾਰਮਕ ਅਜ਼ਾਦੀ ਯਕੀਨੀ ਬਣਾਏ : ਗਿਆਨੀ ਹਰਪ੍ਰੀਤ ਸਿੰਘ

ਬਠਿੰਡਾ (ਪਰਵਿੰਦਰ ਜੀਤ ਸਿੰਘ)

ਪਾਕਿਸਤਾਨ ਦੇ ਸ਼ਿਕਾਰਪੁਰ ਤੋਂ ਕਰੀਬ 35 ਕਿ:ਮੀ: ਦੂਰ ਸੱਖਰ ਸ਼ਹਿਰ ਵਿਖੇ ਕਰੀਬ 100 ਸਾਲ ਪੁਰਾਣੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਂਅ 'ਤੇ ਬਣੇ ਗੁਰਦੁਆਰਾ ਸਾਹਿਬ ਵਿਖੇ ਬੀਤੇ ਦਿਨ ਸਥਾਨਕ ਕੁਝ ਲੋਕਾਂ ਵੱਲੋਂ ਗੁਰਦੁਆਰਾ ਸਾਹਿਬ ਪੁੱਜ ਕੇ ਕੀਰਤਨ ਕਰਨ ਤੋਂ ਰੋਕਣ ਅਤੇ ਸਿੱਖ ਸੰਗਤਾਂ ਨਾਲ ਗਾਲੀ ਗਲੋਚ

3-July-PAGE-11-Majha-23.qxd 7/2/2023 10:07 PM Page 1

ਲੋਕ ਭਲਾਈ ਸਕੀਮਾਂ ਦਾ ਲਾਭ ਹਰ ਲੋੜਵੰਦ ਤੱਕ ਪਹੁੰਚਾਉਣ ਲਈ ਦਿਨ-ਰਾਤ ਕੰਮ ਕਰਾਂਗੇ: ਮੁੱਖ ਸਕੱਤਰ



ਅੰਮ੍ਰਿਤਸਰ, (ਨਰਿੰਦਰਜੀਤ ਸਿੰਘ)-ਮੁੱਖ ਸਕੱਤਰ ਪੰਜਾਬ ਦੀ ਅਹਿਮ ਜ਼ਿੰਮੇਵਾਰੀ ਸੰਭਾਲਣ ਤੋਂ ਕੁੱਝ ਹੀ ਘੰਟਿਆਂ ਬਾਅਦ ਅਨੁਰਾਗ ਵਰਮਾ ਨੇ ਪਰਿਵਾਰ ਸਮੇਤ ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਦੁਰਗਿਆਣਾ ਮੰਦਰ ਪਹੁੰਚ ਕੇ ਪਰਮਾਤਮਾ ਦਾ ਧੰਨਵਾਦ ਕਰਦੇ ਇਸ ਜ਼ਿੰਮੇਵਾਰੀ ਨੂੰ ਨਿਭਾਉਣ ਲਈ ਅਸ਼ੀਰਵਾਦ ਲਿਆ। ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਅੰਮ੍ਰਿਤਸਰ ਆਮਦ ਮੌਕੇ ਗਰਮਜੋਸ਼ੀ ਨਾਲ ਮੁੱਖ ਸਕੱਤਰ ਪੰਜਾਬ ਨੂੰ ਜੀ ਆਇਆਂ ਕਿਹਾ ਗਿਆ ਅਤੇ ਪੁਲਸ ਦੇ ਜਵਾਨਾਂ ਨੇ ਸਲਾਮੀ ਦੇ ਕੇ ਰਸਮੀ ਤੌਰ ਉੱਤੇ ਸਵਾਗਤ ਕੀਤਾ। ਵਰਮਾ ਨਾਲ ਉਨ੍ਹਾਂ ਦੇ ਧਰਮਪਤਨੀ ਨਵਦੀਪ ਵਰਮਾ ਅਤੇ ਪੁੱਤਰ ਆਇਨ ਵਰਮਾ ਵੀ ਸਨ।

ਜ਼ਿਲਾ ਪ੍ਰਸ਼ਾਸਨ ਵੱਲੋਂ ਇਸ ਮੌਕੇ ਡੀਆਈਜੀ ਨਰਿੰਦਰ ਭਾਰਗਵ, ਕਮਿਸ਼ਨਰ ਸੰਦੀਪ ਰਿਸ਼ੀ, ਡੀਸੀਪੀ ਪਰਮਿੰਦਰ ਸਿੰਘ ਭੰਡਾਲ, ਵਧੀਕ ਡਿਪਟੀ ਕਮਿਸ਼ਨਰ ਹਰਪ੍ਰੀਤ ਸਿੰਘ, ਐਸਐਸਪੀ ਸਤਿੰਦਰ ਸਿੰਘ, ਐਸਡੀਐਮ ਸਿਮਰਦੀਪ ਸਿੰਘ, ਐਸਡੀਐਮ ਰਵਿੰਦਰਪਾਲ ਸਿੰਘ, ਐਸਡੀਐਮ ਅਲਕਾ ਕਾਲੀਆ, ਏਸੀਪੀ ਪ੍ਰਭਜੋਤ ਸਿੰਘ ਵਿਰਕ ਅਤੇ ਹੋਰ ਅਧਿਕਾਰੀਆਂ ਨੇ ਫੁੱਲਾਂ ਦੇ ਗੁਲਦਸਤੇ ਭੇਟ ਕੀਤੇ।

ਸ੍ਰੀ ਦਰਬਾਰ ਸਾਹਿਬ ਪਹੁੰਚਣ ਉਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੈਕਟਰੀ ਪਰਤਾਪ ਸਿੰਘ, ਸੂਚਨਾ ਅਧਿਕਾਰੀ ਅੰਮ੍ਰਿਤਪਾਲ ਸਿੰਘ ਅਤੇ ਹਰਜਿੰਦਰ ਸਿੰਘ ਨੇ ਮੁੱਖ ਸਕੱਤਰ ਪੰਜਾਬ ਨੂੰ ਸ੍ਰੀ ਦਰਬਾਰ ਸਾਹਿਬ ਦੀ ਤਸਵੀਰ ਅਤੇ ਕਿਤਾਬਾਂ ਨਾਲ ਸਨਮਾਨਿਤ ਕੀਤਾ।

ਸ੍ਰੀ ਦਰਬਾਰ ਸਾਹਿਬ ਮੱਥਾ ਟੇਕਣ ਮਗਰੋਂ ਪ੍ਰੈੱਸ ਨਾਲ ਗੱਲਬਾਤ ਕਰਦੇ ਉਨ੍ਹਾਂ ਕਿਹਾ ਕਿ ਮੈਂ ਸਰਬੱਤ ਦੇ ਭਲੇ ਦੀ ਅਰਦਾਸ ਕਰਨ ਅਤੇ ਪੰਜਾਬ ਲਈ ਦਿਨ-ਰਾਤ ਇਕ ਕਰਕੇ ਕੰਮ ਕਰਨ ਦੀ ਤਾਕਤ ਲੈਣ ਲਈ ਪਰਮਾਤਮਾ ਦਾ ਅਸ਼ੀਰਵਾਦ ਲੈਣ ਆਇਆ ਹਾਂ। ਉਨ੍ਹਾਂ ਕਿਹਾ ਕਿ ਮੈਂ ਅਰਦਾਸ ਕੀਤੀ ਹੈ ਕਿ ਵਾਹਿਗੁਰੂ ਮੈਨੂੰ ਇੰਨੀ ਸਮਰਥਾ ਦੇਵੇ ਕਿ ਮੈਂ ਪੰਜਾਬ ਦੇ ਭਲੇ ਲਈ ਦਿਨ-ਰਾਤ ਇਕ ਕਰ ਸਕਾਂ। ਉਨ੍ਹਾਂ ਕਿਹਾ ਕਿ ਮੇਰੀ ਟੀਮ ਦਾ ਉਪਰਾਲਾ ਰਹੇਗਾ ਕਿ ਅਸੀਂ ਸਰਕਾਰ ਦੇ ਤਰਜੀਹੀ ਖੇਤਰ ਸਿਹਤ, ਸਿੱਖਿਆ, ਅਮਨ-ਕਾਨੂੰਨ, ਭਾਈਚਾਰਕ ਸਾਂਝ ਲਈ ਲਗਾਤਾਰ ਕੰਮ ਕਰੀਏ। ਇਸ ਮਗਰੋਂ ਅਨੁਰਾਗ ਵਰਮਾ ਨੇ ਸ੍ਰੀ ਦੁਰਗਿਆਣਾ ਮੰਦਰ ਮੱਥਾ ਟੇਕਿਆ, ਜਿਥੇ ਮੰਦਰ ਕਮੇਟੀ ਦੇ ਪ੍ਰਧਾਨ ਮੈਡਮ ਲਕਸ਼ਮੀ ਕਾਂਤਾ ਚਾਵਲਾ, ਡਾਕਟਰ ਰਾਕੇਸ਼ ਕੁੰਦਰਾ ਨੇ ਉਨ੍ਹਾਂ ਨੂੰ ਜੀ ਆਇਆਂ ਕਿਹਾ ਅਤੇ ਮੰਦਰ ਦੇ ਮਾਡਲ ਨਾਲ ਸਨਮਾਨਿਤ ਕੀਤਾ।

ਸਰਕਾਰੀ ਮੁਹੱਲਾ ਕਲੀਨਿਕ ਮਰੀਜ਼ਾਂ ਲਈ ਵਰਦਾਨ ਸਿੱਧ ਹੋ ਰਹੇ: ਨੀਤੂ ਚੱਢਾ

ਪੱਟੀ (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)-ਸੂਬੇ ਦੀ ਅਗਵਾਈ ਵਾਲੀ ਮਾਨ ਸਰਕਾਰ ਵੱਲੋਂ ਚੋਣਾਂ ਤੋਂ ਪਹਿਲਾਂ ਸੂਬੇ ਦੀ ਜਨਤਾ ਨਾਲ ਦਿੱਲੀ ਮਾਡਲ ਨੂੰ ਮੁੱਖ ਰੱਖ ਕੇ ਕੀਤੇ ਵਾਅਦਿਆਂ ਮੁਤਾਬਕ ਵਧੀਆ ਸਿਹਤ ਸਹੂਲਤਾਂ ਤੇ ਸਿੱਖਿਆ ਪ੍ਰਣਾਲੀ 'ਚ ਵੱਡੇ ਸੁਧਾਰਾਂ ਨੂੰ ਲੈ ਕੇ ਸੱਤਾ 'ਚ ਆਈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪਿੰਡਾਂ 'ਚ ਖੋਲ੍ਹੇ ਗਏ ਮੁਹੱਲਾ ਕਲੀਨਿਕਾਂ ਤੋਂ ਆਪਣਾ ਫ੍ਰੀ ਇਲਾਜ ਕਰਵਾ ਕੇ ਮਰੀਜ਼ ਵੱਡਾ ਲਾਭ ਪ੍ਰਾਪਤ ਕਰ ਰਹੇ ਹਨ। ਵਿਧਾਨ ਸਭਾ ਹਲਕਾ ਪੱਟੀ ਨੂੰ 26 ਜਨਵਰੀ ਨੂੰ ਦੋ ਮੁਹੱਲਾ ਕਲੀਨਿਕ ਪਿੰਡ ਸਭਰਾ ਤੇ ਕਿਰਤੋਵਾਲ ਕਲਾਂ 'ਚ ਪ੍ਰਾਪਤ ਹੋਏ। ਉਦਘਾਟਨ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਵੱਲੋਂ ਕੀਤਾ ਗਿਆ। ਇਨ੍ਹਾਂ ਮੁਹੱਲਾ ਕਲੀਨਿਕਾਂ ਤੋਂ ਲੋਕਾਂ ਨੂੰ ਮਿਲਣ ਵਾਲੇ ਲਾਭ ਸਬੰਧੀ ਸਰਕਾਰੀ ਹਸਪਤਾਲ ਘਰਿਆਲਾ ਤੋਂ ਸੀਨੀਅਰ ਮੈਡੀਕਲ ਅਫਸਰ ਮੈਡਮ ਨੀਤੂ ਚੱਢਾ ਨੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਜਾਣਕਾਰੀ ਦਿੱਤੀ ਕਿ ਮੁਹੱਲਾ ਕਲੀਨਿਕਾਂ ਤੋਂ ਹੁਣ ਤੱਕ ਸਭਰਾ ਮੁਹੱਲਾ ਕਲੀਨਿਕ ਤੋਂ ਕਰੀਬ 6000 ਓਪੀਡੀ 2142 ਲੈਬ ਟੈਸਟ ਹੋਏ। ਕਿਰਤੋਵਾਲ ਕਲਾਂ ਦੇ ਮੁਹੱਲਾ ਕਲੀਨਿਕ ਤੋਂ 4158 ਓਪੀਡੀ ਤੇ 1840 ਲੈਬ ਟੈਸਟ ਕਰਵਾ ਕੇ ਮਰੀਜ਼ ਲਾਭ ਪ੍ਰਾਪਤ ਕਰ ਚੁੱਕੇ ਹਨ ਜਿਨ੍ਹਾਂ 'ਚ ਵੱਡੀ ਗਿਣਤੀ 'ਚ ਗਰਭਵਤੀ ਔਰਤਾਂ ਸ਼ਾਮਲ ਹਨ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੀ ਹਮੇਸ਼ਾ ਕੋਸ਼ਿਸ਼ ਹੁੰਦੀ ਹੈ ਕਿ ਉਹ ਵੱਧ ਤੋਂ ਵੱਧ ਮਰੀਜ਼ਾਂ ਨੂੰ ਟਾਈਮ ਸਿਰ ਉਨ੍ਹਾਂ ਦੀ ਸੇਵਾ ਕਰਨ। ਭਾਵੇਂ ਘਰਿਆਲਾ, ਸਭਰਾਂ ਤੇ ਕਿਰਤੋਵਾਲ ਦੇ ਹਸਪਤਾਲ ਸਟਾਫ ਦੀ ਵੱਡੀ ਘਾਟ ਨਾਲ ਜੂਝ ਰਹੇ ਹਨ ਫਿਰ ਵੀ ਐਸਐਮਓ ਮੈਡਮ ਚੱਢਾ ਵੱਲੋਂ ਬੜੇ ਸੁਚੱਜੇ ਢੰਗ ਨਾਲ ਸਾਰੇ ਸਟਾਫ ਦੇ ਸਹਿਯੋਗ ਨਾਲ ਮਰੀਜ਼ਾਂ ਦੀ ਦੇਖਭਾਲ ਕਰਕੇ ਕਿਸੇ ਤਰ੍ਹਾਂ ਦੀ ਕੋਈ ਪ੍ਰੇਸ਼ਾਨੀ ਨਹੀਂ ਆਉਣ ਦਿੱਤੀ ਜਾ ਰਹੀ। ਦੱਸਣਯੋਗ ਹੈ ਕਿ ਤਤਕਾਲੀ ਸਰਕਾਰਾਂ ਵੱਲੋਂ ਸੂਬੇ ਦੇ ਵੱਖ-ਵੱਖ ਸਰਕਾਰੀ ਅਦਾਰਿਆਂ 'ਚ ਭਰਤੀ ਨਾ ਕਾਰਨ ਨਾਲ ਮਹਿਕਮੇ ਖਤਮ ਕਰਕੇ ਸਾਰਾ ਸਿਸਟਮ ਨਿੱਜੀ ਹੱਥਾਂ ਵਿਚ ਦੇਣ ਲਈ ਕਾਹਲੀਆਂ ਕੀਤੀਆਂ ਗਈਆਂ।

ਸਿਹਤ ਵਿਭਾਗ 'ਚ ਬੀਤੇ ਲੰਮੇ ਸਮੇਂ ਤੋਂ ਭਰਤੀ ਨਾ ਹੋਣ ਕਾਰਨ ਮਰੀਜ਼ਾਂ ਨੂੰ ਆਪਣਾ ਇਲਾਜ ਕਰਵਾਉਣ ਲਈ ਪ੍ਰਾਈਵੇਟ ਹਸਪਤਾਲਾਂ ਵਿੱਚ ਮਜਬੂਰੀ ਵੱਸ ਜਾਣਾ ਪਿਆ ਜਿਥੇ ਨਿੱਜੀ ਹਸਪਤਾਲਾਂ ਵੱਲੋਂ ਦੋਹੀਂ ਹੱਥੀ ਲੁੱਟਿਆ ਗਿਆ। ਆਪ ਸਰਕਾਰ ਵੱਲੋਂ ਸੱਤਾ ਸਿੰਘਾਸਨ ਹਾਸਲ ਕਰਨ ਤੋਂ ਬਾਅਦ ਨੌਜਵਾਨਾਂ ਨੂੰ ਲਗਾਤਾਰ ਨੌਕਰੀਆਂ ਦੇ ਕੇ ਖਾਲੀ ਅਸਾਮੀਆਂ ਨੂੰ ਭਰਨ ਦੀ ਕਵਾਇਦ ਆਰੰਭੀ ਗਈ। ਨਿੱਜੀਕਰਨ ਨੂੰ ਬੜ੍ਹਾਵਾ ਦੇਣ ਦੀ ਬਜਾਏ ਸਰਕਾਰੀ ਨੌਕਰੀਆਂ ਦੇ ਕੇ ਨੌਜਵਾਨ ਬੱਚੇ ਬੱਚੀਆਂ 'ਚ ਇੱਕ ਨਵੀਂ ਆਸ ਦੀ ਕਿਰਨ ਦਿਖਾਈ ਦਿੱਤੀ।

ਅਨੁਰਾਗ ਵਰਮਾ ਨੇ ਪਰਿਵਾਰ ਸਮੇਤ ਗੁ. ਸ੍ਰੀ ਬਾਬਾ ਬਕਾਲਾ ਸਾਹਿਬ ਵਿਖੇ ਮੱਥਾ ਟੇਕਿਆ

ਬਾਬਾ ਬਕਾਲਾ (ਮਨਜੀਤ ਸਿੰਘ ਭੰਗੂ)-ਮੁੱਖ ਸਕੱਤਰ ਪੰਜਾਬ ਅਨੁਰਾਗ ਵਰਮਾ ਨੇ ਪਰਿਵਾਰ ਸਮੇਤ ਗੁਰਦੁਆਰਾ ਸ੍ਰੀ ਬਾਬਾ ਬਕਾਲਾ ਸਾਹਿਬ ਵਿਖੇ ਮੱਥਾ ਟੇਕਿਆ। ਉਨ੍ਹਾਂ ਐਸਡੀਐਮ ਵਜੋਂ ਬਾਬਾ ਬਕਾਲਾ ਸਾਹਿਬ ਤੋਂ ਹੀ ਕੈਰੀਅਰ ਦੀ ਸ਼ੁਰੂਆਤ ਕੀਤੀ ਸੀ। ਜਦੋਂ ਉਹ ਬਤੌਰ ਐਸਡੀਐਮ ਬਾਬਾ ਬਕਾਲਾ ਸਾਹਿਬ ਵਿਖੇ ਤਾਇਨਾਤ ਰਹੇ, ਦੇ ਦਿਨਾਂ ਦੀਆਂ ਯਾਦਾਂ ਨੂੰ ਤਾਜ਼ਾ ਕੀਤਾ। ਦੱਸਣਯੋਗ ਹੈ ਕਿ ਤਹਿਸੀਲ ਕੰਪਲੈਕਸ ਦੀ ਨਵੀਂ ਇਮਾਰਤ ਬਣਨ ਮਗਰੋਂ ਇਸ ਦਫਤਰ ਵਿੱਚ ਹੁਣ ਸੀਡੀਪੀਓ ਦਫਤਰ ਤਬਦੀਲ ਹੋ ਚੁੱਕਾ ਹੈ। ਉਨ੍ਹਾਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਚਰਨ ਛੋਹ ਪ੍ਰਾਪਤ ਬਾਬਾ ਬਕਾਲਾ ਸਾਹਿਬ ਦੀ ਧਰਤੀ ਉਤੇ ਸਿਰ ਝੁਕਾਉਂਦੇ ਗੁਰੂ ਸਾਹਿਬ ਦੀ ਕੁਰਬਾਨੀ ਨੂੰ ਯਾਦ ਕੀਤਾ ਅਤੇ ਅਸ਼ੀਰਵਾਦ ਲਿਆ। ਉਨ੍ਹਾਂ ਦੀ ਧਰਮਪਤਨੀ ਨਵਦੀਪ ਵਰਮਾ ਅਤੇ ਪੁੱਤਰ ਆਇਨ ਵਰਮਾ ਵੀ ਇਸ ਮੌਕੇ ਉਨ੍ਹਾਂ ਦੇ ਨਾਲ ਸਨ।

ਇਸ ਮੌਕੇ ਜ਼ਿਲਾ ਪ੍ਰਸ਼ਾਸਨ ਵੱਲੋਂ ਡਿਪਟੀ ਕਮਿਸਨਰ-ਕਮ-ਕਮਿਸ਼ਨਰ ਸੰਦੀਪ ਰਿਸ਼ੀ, ਐਸਐਸਪੀ ਸਤਿੰਦਰ ਸਿੰਘ, ਐਸਡੀਐਮ ਸਿਮਰਦੀਪ ਸਿੰਘ, ਐਸਡੀਐਮ ਅਲਕਾ ਕਾਲੀਆ ਅਤੇ ਹੋਰ ਅਧਿਕਾਰੀ ਵੀ ਹਾਜ਼ਰ ਸਨ। ਗੁਰਦੁਆਰਾ ਸਾਹਿਬ ਵਿਖੇ ਮੈਨੇਜਰ ਗੁਰਵਿੰਦਰ ਸਿੰਘ ਦੇਵੀਦਾਸਪੁਰ ਨੇ ਵਰਮਾ ਨੂੰ ਸਨਮਾਨਿਤ ਕੀਤਾ। ਹੋਰਨਾਂ ਤੋਂ ਇਲਾਵਾ ਇਸ ਮੌਕੇ ਸਾਬਕਾ ਵਿਧਾਇਕ ਬਲਜੀਤ ਸਿੰਘ ਜਲਾਲਉਸਮਾ, ਡੀਐਸਪੀ ਹਰਿਕ੍ਰਿਸ਼ਨ ਸਿੰਘ ਵੀ ਹਾਜ਼ਰ ਸਨ।

ਕੱਚੇ ਅਧਿਆਪਕਾਂ 'ਤੇ ਪੁਲਸੀਆ ਤਸ਼ੱਦਦ ਦੀ ਜ਼ੋਰਦਾਰ ਨਿੰਦਾ

ਤਰਨ ਤਾਰਨ (ਨਜ਼ਸ)—ਬਿਜਲੀ ਕਾਮਿਆਂ ਦੀ ਜਥੇਬੰਦੀ ਪੀਐੱਸਈਬੀ ਇੰਪਲਾਈਜ਼ ਫੈਡਰੇਸ਼ਨ ਏਟਕ ਪੰਜਾਬ ਦੀ ਸੂਬਾ ਕਮੇਟੀ ਨੇ ਸੰਗਰੂਰ ਵਿੱਚ ਸੇਵਾਵਾਂ ਰੈਗੂਲਰ ਕਰਨ ਦੀ ਮੰਗ ਨੂੰ ਲੈ ਕੇ ਸੰਘਰਸ਼ ਕਰ ਰਹੇ ਕੱਚੇ ਅਧਿਆਪਕਾਂ 'ਤੇ ਪੁਲਸ ਵੱਲੋਂ ਕੀਤੇ ਵਹਿਸ਼ੀਆਨਾ ਲਾਠੀਚਾਰਜ ਦੀ ਜ਼ੋਰਦਾਰ ਨਿੰਦਾ ਕੀਤੀ ਹੈ। ਜਥੇਬੰਦੀ ਦੇ ਸੂਬਾ ਪ੍ਰਧਾਨ ਗੁਰਪ੍ਰੀਤ ਸਿੰਘ ਗੰਡੀਵਿੰਡ, ਜਨਰਲ ਸਕੱਤਰ ਸੁਰਿੰਦਰਪਾਲ ਸਿੰਘ ਲਾਹੌਰੀਆ, ਖਜ਼ਾਨਚੀ ਬਲਜੀਤ ਕੁਮਾਰ, ਡਿਪਟੀ ਜਨਰਲ ਸਕੱਤਰ ਰਛਪਾਲ ਸਿੰਘ ਪਾਲੀ ਨੇ ਸਾਂਝੇ ਪ੍ਰੈੱਸ ਬਿਆਨ ਰਾਹੀਂ ਕਿਹਾ ਕਿ ਪੰਜਾਬ ਸਰਕਾਰ ਦਾ ਹੈਂਕੜ ਭਰਿਆ ਅਤੇ ਤਾਨਾਸ਼ਾਹੀ ਵਾਲਾ ਰਵੱਈਆ ਹੱਕਾਂ ਲਈ ਸੰਘਰਸ਼ ਕਰ ਰਹੇ ਹਰੇਕ ਵਰਗ ਨੂੰ ਤਾਕਤ ਦੇ ਬਲਬੂਤੇ ਦਬਾ ਕੇ ਸਰਮਾਏਦਾਰ ਪੱਖੀ ਨੀਤੀਆਂ ਧੜੱਲੇ ਨਾਲ ਲਾਗੂ ਕਰਨ ਲਈ ਮਿਹਨਤਕਸ਼ ਜਮਾਤ ਨਾਲ ਧੱਕਾ ਕਰਨ ਵਾਲਾ ਹੈ ਕਿਉਂਕਿ ਸੰਘਰਸ਼ ਕਰ ਰਹੇ ਨੌਜਵਾਨ ਧੀਆਂ-ਪੁੱਤਾਂ ਨੂੰ ਖੇਤਾਂ ਵਿੱਚ ਭਜਾ-ਭਜਾ ਕੇ ਛੱਲੀਆਂ ਵਾਂਗ ਕੁੱਟਣਾ ਲੋਕਾਂ ਦੁਆਰਾ ਚੁਣੀ ਹੋਈ ਸਰਕਾਰ ਨੂੰ ਸ਼ੋਭਦਾ ਨਹੀਂ। ਆਗੂਆਂ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਨੂੰ ਝੂਠੇ ਸਬਜ਼ਬਾਗ ਵਿਖਾ ਕੇ ਆਮ ਆਦਮੀ ਦਾ ਢਿੰਡੋਰਾ ਪਿੱਟਣ ਵਾਲੇ ਹਾਕਮਾਂ ਦੀਆਂ ਨੀਤੀਆਂ ਵੀ ਖਾਸ ਹਨ ਜਿਨ੍ਹਾਂ ਦਾ ਸੰਘਰਸ਼ੀ ਲੋਕ ਡਟਵਾਂ ਵਿਰੋਧ ਕਰਨਗੇ। ਮੁਲਾਜ਼ਮ ਆਗੂਆਂ ਨੇ ਵਹਿਸ਼ੀਆਨਾ ਪੁਲਸ ਤਸ਼ੱਦਦ ਦੀ ਨਿਰਪੱਖ ਜਾਂਚ ਕਰਵਾ ਕੇ ਜ਼ਿੰਮੇਵਾਰ ਅਧਿਕਾਰੀਆਂ ਖਿਲਾਫ ਢੁੱਕਵੀਂ ਕਾਰਵਾਈ ਕਰਨ ਦੀ ਮੰਗ ਕਰਦਿਆਂ ਸੰਘਰਸ਼ ਕਰ ਰਹੇ ਅਧਿਆਪਕਾਂ ਨੂੰ ਤੁਰੰਤ ਪੱਕਿਆਂ ਕਰਨ ਦੀ ਮੰਗ ਕੀਤੀ ਹੈ।

ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਦੇ ਵਿਦਿਆਰਥੀ ਮਿਸ਼ਨ ਹਰਿਆਲੀ-2023 'ਚ ਲੈਣਗੇ ਭਾਗ: ਚਾਹਲ

ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਆਪਣਾ ਪੰਜਾਬ ਫਾਊਂਡੇਸ਼ਨ ਅਤੇ ਫੈਡਰੇਸ਼ਨ ਆਫ ਪ੍ਰਾਈਵੇਟ ਸਕੂਲਜ਼ ਐਂਡ ਐਸੋਸੀਏਸ਼ਨਜ਼ ਆਫ ਪੰਜਾਬ ਵੱਲੋਂ ਵਾਤਾਵਰਨ ਦੀ ਸੰਭਾਲ ਨੂੰ ਲੈ ਕੇ ਕੀਤੇ ਜਾਂਦੇ ਉਪਰਾਲਿਆਂ ਦੀ ਲਗਾਤਾਰਤਾ ਵਿੱਚ ਇਸ ਵਾਰ 17 ਜੁਲਾਈ ਨੂੰ ਮਿਸ਼ਨ ਹਰਿਆਲੀ ਦਿਵਸ ਮਨਾਇਆ ਜਾਵੇਗਾ। ਆਪਣਾ ਪੰਜਾਬ ਫਾਊਂਡੇਸ਼ਨ ਦੇ ਫਾਊਂਡਰ ਡਾ. ਜਗਜੀਤ ਸਿੰਘ ਧੂਰੀ ਦੀ ਅਗਵਾਈ ਹੇਠ ਸਾਲ 2022 ਵਿੱਚ 12 ਸਤੰਬਰ ਨੂੰ ਪੰਜਾਬ ਦੇ ਸਕੂਲਾਂ ਦੇ ਵਿਦਿਆਰਥੀਆਂ, ਅਧਿਆਪਕਾਂ ਅਤੇ ਮਾਪਿਆਂ ਵੱਲੋਂ ਪੰਜ ਲੱਖ ਅਠਾਹਠ ਹਜ਼ਾਰ ਪੌਦੇ ਲਗਾ ਕੇ ਆਪਣੀ ਕਿਸਮ ਦਾ ਇੱਕ ਵਿਸ਼ਵ ਰਿਕਾਰਡ ਬਣਾਇਆ ਗਿਆ ਸੀ ਅਤੇ ਇਸ ਵਾਰ ਮਿਸ਼ਨ ਹਰਿਆਲੀ 2023 ਤਹਿਤ ਫਾਊਂਡੇਸ਼ਨ ਵੱਲੋਂ ਸਕੂਲੀ ਬੱਚਿਆਂ ਹੱਥੋਂ ਇੱਕ ਦਿਨ ਵਿੱਚ ਸੱਤ ਲੱਖ ਪੌਦੇ ਲਗਾਉਣ ਦਾ ਟੀਚਾ ਮਿੱਥਿਆ ਗਿਆ ਹੈ। ਇਸ ਸਬੰਧੀ ਬਾਬਾ ਬੰਦਾ ਸਿੰਘ ਬਹਾਦੁਰ ਪਬਲਿਕ ਸਕੂਲ ਧਾਰੀਵਾਲ ਦੀ ਪ੍ਰਿੰਸੀਪਲ ਕਿਰਨ ਕੇਸਰ ਅਤੇ ਚੇਅਰਮੈਨ ਅਮਰਜੀਤ ਸਿੰਘ ਚਾਹਲ ਨੇ ਦੱਸਿਆ ਕਿ 17 ਜੁਲਾਈ ਨੂੰ ਉਹਨਾਂ ਦੇ ਸਕੂਲ ਦੇ ਵਿਦਿਆਰਥੀਆਂ ਵੱਲੋਂ ਇਸ ਸਾਲ ਬਣਾਏ ਜਾਣ ਵਾਲੇ ਵਿਸ਼ਵ ਰਿਕਾਰਡ ਵਿੱਚ ਵੱਧ ਚੜ੍ਹ ਕੇ ਹਿੱਸਾ ਲਿਆ ਜਾਵੇਗਾ। ਹਰ ਇੱਕ ਵਿਦਿਆਰਥੀ ਆਪਣੇ ਮਾਤਾ-ਪਿਤਾ ਅਤੇ ਅਧਿਆਪਕਾਂ ਦੀ ਸਹਾਇਤਾ ਨਾਲ ਇੱਕ ਪੌਦਾ ਲਗਾਵੇਗਾ ਅਤੇ ਉਸ ਨੂੰ ਪਾਲਣ ਅਤੇ ਵੱਡਾ ਕਰਨ ਦੀ ਜ਼ਿੰਮੇਵਾਰੀ ਵੀ ਚੁੱਕੇਗਾ। ਇਸ ਦਿਨ ਆਪਣਾ ਪੰਜਾਬ ਫਾਊਂਡੇਸ਼ਨ ਅਤੇ ਫੈਡਰੇਸ਼ਨ ਵੱਲੋਂ ਇੱਕ ਨਿਵੇਕਲਾ ਵਿਸ਼ਵ ਰਿਕਾਰਡ ਬਣਾਇਆ ਜਾਵੇਗਾ ਜਿਸ ਤਹਿਤ ਬੱਚੇ ਵੱਡੀ ਗਿਣਤੀ ਵਿੱਚ ਹਰੇ ਰੰਗ ਦੀਆਂ ਪੱਗਾਂ ਜਾਂ ਪਟਕੇ ਬੰਨ੍ਹ ਕੇ ਹਿਊਮਨ ਟਰੀ ਬਣਾਉਣਗੇ। ਇਹ ਹਿਊਮਨ ਟਰੀ ਹਰ ਜ਼ਿਲ੍ਹਾ ਪੱਧਰ ਤੇ ਸਕੂਲਾਂ ਦੇ ਵਿਦਿਆਰਥੀਆਂ ਵੱਲੋਂ ਮਿਲ ਕੇ ਬਣਾਏ ਜਾਣਗੇ। ਇਸ ਗਤੀਵਿਧੀ ਰਾਹੀਂ ਜਿੱਥੇ ਵਿਦਿਆਰਥੀ ਵਾਤਾਵਰਨ ਦੀ ਸੰਭਾਲ ਲਈ ਸੁਨੇਹਾ ਦੇਣਗੇ, ਉਸ ਦੇ ਨਾਲ ਨਾਲ ਉਹ ਆਪਸ ਵਿੱਚ ਮਿਲਵਰਤਨ ਨਾਲ ਕੰਮ ਕਰਨ ਦੀ ਭਾਵਨਾ ਵੀ ਸਿੱਖਣਗੇ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ। ਜ਼ਿਕਰਯੋਗ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਧਾਰੀਵਾਲ ਹਮੇਸ਼ਾ ਆਪਣਾ ਪੰਜਾਬ ਫਾਊਂਡੇਸ਼ਨ ਅਤੇ ਫੈਡਰੇਸ਼ਨ ਦੇ ਸੱਦੇ ਤੇ ਸਿਹਤ, ਸਿੱਖਿਆ ਅਤੇ ਵਾਤਾਵਰਨ ਦੀ ਸੰਭਾਲ ਦੀਆਂ ਗਤੀਵਿਧੀਆਂ ਵਿੱਚ ਵੱਧ-ਚੜ੍ਹ ਕੇ ਭਾਗ ਲੈਂਦਾ ਹੈ।

ਡੈਨੀਅਲ ਵੈਲਿੰਗਟਨ ਵੱਲੋਂ ਸਭ ਤੋਂ ਛੋਟਾ ਘੜੀਆਂ ਦਾ ਸੰਗ੍ਰਹਿ ਲਾਂਚ

ਅੰਮ੍ਰਿਤਸਰ-ਡੈਨੀਅਲ ਵੈਲਿੰਗਟਨ ਨੇ ਵਿਸ਼ਵ ਪੱਧਰ 'ਤੇ ਪ੍ਰਸ਼ੰਸਾਯੋਗ ਘੜੀ ਅਤੇ ਅਸੈਸਰੀਜ਼ ਦੇ ਬ੍ਰਾਂਡ, ਨੇਕਵਾ ਡਰੋਮਿਨੀ ਸੰਗ੍ਰਹਿ ਦੀ ਸ਼ੁਰੂਆਤ ਦਾ ਐਲਾਨ ਕੀਤਾ। ਬ੍ਰਾਂਡ ਦੀ ਟਾਈਮ ਪੀਸਾਂ ਦੀ ਸ਼੍ਰੇਣੀ ਵਿੱਚ ਇਹ ਨਵੀਨਤਮ ਵਾਧਾ ਬਹੁਤ ਹੀ ਸੰਖੇਪ ਆਕਾਰ ਵਿੱਚ ਸ਼ਾਨਦਾਰ ਅਤੇ ਆਧੁਨਿਕ ਕਵਾਡਰੋ ਘੜੀ ਵਿੱਚ ਇੱਕ ਮੋੜ ਲਿਆਉਂਦਾ ਹੈ। ਕਵਾਡਰੋ ਮਿੰਨੀ ਡੈਨੀਅਲ ਵੈਲਿੰਗਟਨ ਦੀ ਘੜੀ ਸ਼੍ਰੇਣੀ ਵਿੱਚ ਦਾਖਲ ਹੁੰਦਾ ਹੈ, ਸਭ ਤੋਂ ਵੱਧ ਵਿਕਣ ਵਾਲੀ ਕਵਾਡਰੋ ਦੀ ਵਿਰਾਸਤ ਨੂੰ ਸੁਰੱਖਿਅਤ ਰੱਖਦਾ ਹੈ, ਪਰ ਘੜੀ ਬਣਾਉਣ ਵਿੱਚ ਆਕਾਰ ਦੇ ਸੰਦਰਭ ਵਿੱਚ ਤਕਨੀਕੀ ਤੌਰ

3-July-Page-12.qxd 7/2/2023 10:06 PM Page 1

ਐਡਵੋਕੇਟ ਬਲਵਿੰਦਰ ਕੁਮਾਰ ਨਾਲ ਕੀਤੀ ਖਿੱਚ ਧੂਹ ਦੇ ਵਿਰੋਧ 'ਚ ਬਸਪਾ ਵਰਕਰਾਂ ਨੇ ਕੀਤਾ ਰੋਸ ਪ੍ਰਦਰਸ਼ਨ

ਆਦਮਪੁਰ (ਪਰਮਜੀਤ ਸਿੰਘ)-ਬੀਤੇ ਕੁਝ ਦਿਨ ਪਹਿਲਾਂ ਜਲੰਧਰ ਦੇ ਪਿੰਡ ਸਈਪੁਰ ਵਿਖੇ ਡਾ. ਭੀਮ ਰਾਓ ਅੰਬੇਡਕਰ ਪਾਰਕ ਵਿੱਚ ਲੱਗੇ ਡਾ. ਭੀਮ ਰਾਓ ਅੰਬੇਡਕਰ ਦੇ ਬੁੱਤ ਨੂੰ ਉਤਾਰਨ ਦਾ ਵਿਰੋਧ ਕਰ ਰਹੇ ਬਸਪਾ ਪੰਜਾਬ ਦੇ ਜਨਰਲ ਸੈਕਟਰੀ ਅਤੇ ਲੋਕ ਸਭਾ ਇੰਚਾਰਜ ਐਡਵੋਕੇਟ ਬਲਵਿੰਦਰ ਕੁਮਾਰ ਤੇ ਆਪ ਸਰਕਾਰ ਦੀ ਸ਼ਹਿ 'ਤੇ ਪੁਲਸ ਪ੍ਰਸ਼ਾਸਨ ਵੱਲੋਂ ਕੀਤੀ ਬਦਸਲੂਕੀ ਖਿੱਚ ਧੂਹ ਅਤੇ ਧੱਕੇਸ਼ਾਹੀ ਕਰਨ ਉਪਰੰਤ ਹਿਰਾਸਤ 'ਚ ਲਏ ਜਾਣ ਦੇ ਰੋਸ ਵਜੋਂ ਵਿਧਾਨ ਸਭਾ ਹਲਕਾ ਆਦਮਪੁਰ ਦੀ ਸਮੂਹ ਸੀਨੀਅਰ ਲੀਡਰਸ਼ਿਪ ਅਤੇ ਵਰਕਰਾਂ ਵਲੋਂ ਰੋਸ ਪ੍ਰਦਰਸ਼ਨ ਕਰ ਮੁੱਖ ਮੰਤਰੀ ਪੰਜਾਬ ਦਾ ਪੁੱਤਲਾ ਫੂਕਿਆ ਗਿਆ। ਇਸ ਮੌਕੇ ਜਾਣਕਾਰੀ ਦਿੰਦੇ ਹਲਕਾ ਪ੍ਰਧਾਨ ਹਰਜਿੰਦਰ ਬਿੱਲਾ ਮਹਿਮਦਪੁਰ, ਮਦਨ ਮੱਦੀ ਇੰਚਾਰਜ ਜ਼ਿਲ੍ਹਾ ਜਲੰਧਰ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਆਪ ਦੀ ਭਗਵੰਤ ਮਾਨ ਸਰਕਾਰ ਬਹੁਜਨ ਸਮਾਜ ਪਾਰਟੀ ਦੇ ਸੀਨੀਅਰ ਆਗੂਆਂ ਦੀ ਅਤੇ ਦਲਿਤ ਸਮਾਜ ਦੀ ਆਵਾਜ ਨੂੰ ਦਬਾਉਣਾ ਚਾਹੁੰਦੀ ਹੈ ਜਿਸ ਦੀ ਦਲਿਤ ਸਮਾਜ ਪੁਰਜੋਰ ਨਿੰਦਾ ਕਰਦਾ ਹੈ। ਉਨ੍ਹਾਂ ਕਿਹਾ ਕਿ ਜਿੱਥੇ ਇੱਕ ਪਾਸੇ ਭਗਵੰਤ ਮਾਨ ਦੀ ਸਰਕਾਰ ਬਾਬਾ ਸਾਹਿਬ ਦੀਆਂ ਤਸਵੀਰਾਂ ਲਗਾਉਣ ਦਾ ਦਿਖਾਵਾ ਕਰਦੀ ਹੈ ਦੂਜੇ ਪਾਸੇ ਇਸਦੇ ਉਲਟ ਬਾਬਾ ਸਾਹਿਬ ਦੇ ਨਾਂਅ 'ਤੇ ਬਣੇ ਮੰਚ ਨੂੰ ਢਾਹੁਣ ਦਾ ਕੰਮ ਕਰ ਰਹੀ ਹੈ। ਉਨ੍ਹਾਂ ਸਰਕਾਰ ਨੂੰ ਚਿਤਾਵਨੀ ਦਿੰਦੇ ਹੋਏ ਕਿਹਾ ਕਿ ਉਹ ਆਪਣੀਆਂ ਦਮਨਕਾਰੀ ਨੀਤੀਆਂ ਤੋਂ ਬਾਜ ਆਵੇ। ਇਸ ਮੌਕੇ ਬਲਦੇਵ ਸਿੰਘ ਖੋਜਕੀਪੁਰ , ਨਰਿੰਦਰ ਨਿੰਦੀ ਸਲਾਲਾ, ਸਾਜੂਨ ਜਨੇਗਲ, ਜਨਰੈਲ ਸਿੰਘ, ਜਸਵੀਰ ਪੰਡੋਰੀ, ਸੰਸਾਰ ਚੰਦ, ਵਿਦਿਆ ਸਾਗਰ, ਪਿਆਰਾ ਲਾਲ, ਸੁਖਦੇਵ ਉਦੇਸੀਆਂ, ਅਸ਼ੋਕ ਜੰਡੂ ਸਿੰਘਾ, ਸਤਨਾਮ ਕਿੰਗਰਾਂ, ਭਜਨ ਸਿੰਘ ਹਰੀਪੁਰ, ਸੁਰਜੀਤ ਕੁਮਾਰ ਅਲਾਵਲਪੁਰ, ਬੰਤ ਜੇਤੇਵਾਲੀਆਂ, ਅਮਰਜੀਤ, ਜਗਜੀਤ ਜੀਤਾ, ਕਮਲ ਭੇਲਾ ਸਮੇਤ ਬਸਪਾ ਆਗੂ ਸਮੇਤ ਵਰਕਰ ਵੱਡੀ ਗਿਣਤੀ ਵਿਚ ਇਕੱਠੇ ਹੋਏ।

ਕੇਂਦਰ ਸਰਕਾਰ ਨੇ ਐੱਮ ਆਰ ਪੀ 'ਚ ਵਾਧਾ ਕਰਕੇ ਗੰਨਾ ਕਾਸ਼ਤਕਾਰਾਂ ਨੂੰ ਸੌਗਾਤ ਦਿੱਤੀ : ਪਵਾਰ

ਫਿਲੌਰ (ਨਿਰਮਲ)- ਕੇਂਦਰ ਦੀ ਮੋਦੀ ਸਰਕਾਰ ਵੱਲੋਂ ਗੰਨਾ ਕਾਸ਼ਤਕਾਰਾਂ ਲਈ ਖੰਡ ਦੇ ਸੀਜਨ 2023 ਲਈ ਗੰਨੇ ਦਾ ਉੱਚਿਤ ਅਤੇ ਲਾਭਕਾਰੀ ਮੁੱਲ ਐੱਫ ਆਰ ਪੀ ਨੂੰ 10 ਰੁਪਏ ਪ੍ਰਤੀ ਕੁਇੰਟਲ ਵਧਾ ਕੇ 315 ਰੁਪਏ ਪ੍ਰਤੀ ਕੁਇੰਟਲ ਕਰਨ ਦੇ ਫੈਸਲੇ ਦਾ ਭਾਜਪਾ ਜਿਲ੍ਹਾਂ ਜਲੰਧਰ ਪ੍ਰਧਾਨ ਰਣਜੀਤ ਸਿੰਘ ਪਵਾਰ ਵੱਲੋਂ ਸਵਾਗਤ ਕੀਤਾ ਗਿਆ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਹੀ ਕਿਸਾਨਾਂ ਦੇ ਅਸਲ ਹਮਦਰਦ ਹਨ ਜਿਨ੍ਹਾਂ ਐਮ ਐਸ ਪੀ ਵਿੱਚ ਵਾਧਾ ਕੀਤਾ ਸੀ। ਜਦੋਂ ਕਿ ਕਿਸਾਨ ਪੱਖੀ ਸਕੀਮਾਂ ਜਿਵੇਂ ਕਿਸਾਨ ਸਨਮਾਨ ਯੋਜਨਾ ਸਮੇਤ ਹੋਰ ਕਈ ਯੋਜਨਾਵਾਂ ਰਾਹੀਂ ਕਿਸਾਨਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਦਾ ਯਤਨ ਲਗਾਤਾਰ ਜਾਰੀ ਹੈ। ਉਨ੍ਹਾਂ ਦੱਸਿਆ ਮੰਤਰੀ ਮੰਡਲ ਦੀ ਮੀਟਿੰਗ 'ਚ ਐੱਫ ਆਰ ਪੀ ਨੂੰ ਖੰਡ ਦੇ ਸੀਜਨ 2023-24 ਲਈ 305 ਰੁਪਏ ਪ੍ਰਤੀ ਕੁਇੰਟਲ ਤੋਂ ਵਧਾ ਕੇ 315 ਰੁਪਏ ਪ੍ਰਤੀ ਕੁਇੰਟਲ ਕਰ ਦਿੱਤਾ ਗਿਆ ਹੈ, ਜਿਸ ਨਾਲ 3 ਕਰੋੜ ਗੰਨਾ ਕਿਸਾਨਾਂ ਨੂੰ ਸਿੱਧਾ ਲਾਭ ਹੋਵੇਗਾ। ਇਸ ਤੋਂ ਇਲਾਵਾ ਖੰਡ ਮਿੱਲਾਂ ਅਤੇ ਹੋਰ ਸਹਾਇਕ ਗਤੀਵਿਧੀਆਂ 'ਚ ਲੱਗੇ 5 ਲੱਖ ਮਜਦੂਰਾਂ ਨੂੰ ਵੀ ਇਸ ਨਾਲ ਫਾਇਦਾ ਹੋਵੇਗਾ। ਉਨ੍ਹਾਂ ਦੱਸਿਆ ਕਿ 2014-15 'ਚ ਗੰਨੇ ਦਾ ਭਾਅ 210 ਰੁਪਏ ਪ੍ਰਤੀ ਕੁਇੰਟਲ ਸੀ, ਜੋ ਕਿ 2023-24 'ਚ 315 ਰੁਪਏ ਕੁਇੰਟਲ ਹੋ ਗਿਆ ਹੈ, ਇੱਥੇ ਇਹ ਦੱਸਣਯੋਗ ਹੈ ਕਿ ਸਾਲ ਭਾਵ 2022-23 'ਚ ਗੰਨੇ ਦਾ ਐੱਫ ਆਰ ਪੀ 305 ਰੁਪਏ ਪ੍ਰਤੀ ਕੁਇੰਟਲ ਸੀ। ਇਸ ਦੇ ਨਾਲ ਹੀ ਰਣਜੀਤ ਸਿੰਘ ਪਵਾਰ ਨੇ ਆਰਥਿਕ ਮਾਮਲਿਆਂ ਬਾਰੇ ਕੈਬਨਿਟ ਕਮੇਟੀ ਨੇ 2022-23 ਤੋਂ 2024-25 ਦਰਮਿਆਨ 3 ਸਾਲਾਂ ਲਈ 3,68,776 ਕਰੋੜ ਰੁਪਏ ਦੀ ਯੂਰੀਆ ਸਬਸਿਡੀ ਦੇ ਐਲਾਨ ਦਾ ਵੀ ਸਵਾਗਤ ਕੀਤਾ। ਹੁਣ ਯੂਰੀਆ 'ਤੇ ਮੌਜੂਦਾ ਸਬਸਿਡੀ ਦੀ ਮਿਆਦ ਵਧਾ ਕੇ 31 ਮਾਰਚ 2025 ਕਰ ਦਿੱਤੀ ਗਈ ਹੈ। ਪਵਾਰ ਨੇ ਕਿਹਾ ਕਿ ਮੋਦੀ ਸਰਕਾਰ ਨੇ ਕਿਸਾਨਾਂ ਨੂੰ ਮਜਬੂਤ ਅਤੇ ਆਤਮ ਨਿਰਭਰ ਬਣਾਉਣ ਲਈ 9 ਸਾਲਾਂ 'ਚ ਜਿੰਨਾ ਕੰਮ ਕੀਤਾ ਹੈ, ਉੱਨਾ ਪਹਿਲਾਂ ਕਦੇ ਨਹੀਂ ਹੋਇਆ।

ਸ਼ਹੀਦ ਅਜੀਤ ਰਾਮ ਫਤਿਆਬਾਦ ਤੇ ਬਬਲਾ ਦੀ ਸ਼ਹੀਦੀ ਨੂੰ ਚੇਤੇ ਕਰਦਿਆਂ...

1980 ਦੇ ਦਹਾਕੇ ਦਾ ਉਹ ਸਮਾਂ, ਜਦੋਂ ਪੰਜਾਬ ਅੰਦਰ ਦੇਸ਼ ਦੁਸ਼ਮਣ ਤਾਕਤਾਂ ਨੇ ਦੇਸ਼ ਦੀ ਇੱਕ ਹੋਰ ਵੰਡ ਕਰਨ ਲਈ ਪੂਰਾ ਤਾਣ ਲਾਇਆ ਹੋਇਆ ਸੀ, ਉਸ ਸਮੇਂ ਭਾਰਤੀ ਕਮਿਊਨਿਸਟ ਪਾਰਟੀ ਦੇ ਨਿਧੜਕ ਯੋਧਿਆਂ ਨੇ ਸਾਂਝੀਵਾਲਤਾ ਦਾ ਝੰਡਾ ਚੁੱਕ ਲਿਆ। ਅੱਤਵਾਦ-ਵੱਖਵਾਦ ਦਾ ਡਟ ਕੇ ਵਿਰੋਧ ਕੀਤਾ। ਸ਼ਹਿਰਾਂ ਅਤੇ ਕਸਬਿਆਂ ਵਿੱਚ ਰੈਲੀਆਂ ਕੀਤੀਆਂ, ਅਮਨ ਮਾਰਚ ਕਰਵਾਏ। ਅੱਤਵਾਦ ਪੀੜਤ ਲੋਕਾਂ ਦੀ ਮਦਦ ਲਈ ਮੋਹਰੀ ਹੋ ਕੇ ਕੰਮ ਕੀਤਾ, ਜਿਸ ਦਾ ਮੁੱਲ ਲਾਲ ਝੰਡੇ ਦੇ ਸਿਪਾਹੀਆਂ ਨੂੰ ਆਪਣੀਆਂ ਅਤੇ ਪਰਵਾਰਾਂ ਦੀਆਂ ਕੁਰਬਾਨੀਆਂ ਦੇ ਕੇ ਤਾਰਨਾ ਪਿਆ।

ਇਹਨਾਂ ਵਿੱਚੋਂ ਕਾਮਰੇਡ ਅਜੀਤ ਰਾਮ ਫਤਿਆਬਾਦ ਸਭ ਤੋਂ ਮੋਹਰਲੀ ਕਤਾਰ ਵਿੱਚੋਂ ਹਨ। ਸਾਥੀ ਨੇ ਆਪਣੇ ਜੀਵਨ ਕਾਲ ਵਿੱਚ ਦੱਬੇ-ਕੁਚਲੇ ਅਤੇ ਮਜ਼ਲੂਮ ਲੋਕਾਂ ਦੀਆਂ ਹੱਕੀ ਲੜਾਈਆਂ ਅੱਗੇ ਹੋ ਕੇ ਲੜੀਆਂ। ਅੱਤਵਾਦ ਵਿਰੁੱਧ ਸੰਗਰਾਮ ਵਿੱਚ ਵੀ ਸਾਥੀ ਹਿੱਕ ਤਾਣ ਕੇ ਖੜੇ ਰਹੇ। ਇਲਾਕੇ ਵਿੱਚ ਅੱਤਵਾਦ ਦਾ ਡਟ ਕੇ ਵਿਰੋਧ ਕੀਤਾ। ਹਿੰਦੂ ਭਰਾਵਾਂ ਦੀ ਹਿਜਰਤ ਹੋਣ 'ਤੇ ਭਾਰਤੀ ਕਮਿਊਨਿਸਟ ਪਾਰਟੀ ਵੱਲੋਂ ਅਮਨ ਮਾਰਚ ਕਰਵਾਇਆ, ਤਾਂ ਜੋ ਹਿੰਦੂ ਭਰਾਵਾਂ ਵਿੱਚ ਵਿਸ਼ਵਾਸ ਬਹਾਲ ਹੋ ਸਕੇ। ਉਹ ਟਰੱਕਾਂ ਅੱਗੇ ਲੇਟ ਗਏ।

ਇਸ ਕਾਰਨ ਦੇਸ਼ ਵਿਰੋਧੀ ਤਾਕਤਾਂ ਨੂੰ ਆਪਣੇ ਮਨਸੂਬੇ ਫੇਲ੍ਹ ਹੁੰਦੇ ਦਿਖਾਈ ਦੇਣ ਲੱਗੇ, ਜਿਸ ਦਾ ਮੁੱਲ ਸਾਥੀ ਅਜੀਤ ਰਾਮ ਨੂੰ ਆਪਣੀ ਅਤੇ ਆਪਣੇ ਪੁੱਤਰ ਦੀ ਜਾਨ ਵਾਰ ਕੇ ਤਾਰਨਾ ਪਿਆ।

3 ਜੁਲਾਈ 1986 ਦੀ ਇੱਕ ਕੁਲੱਛਣੀ ਰਾਤ ਸੁੱਤਿਆਂ ਪਿਆਂ ਗੋਲੀਆਂ ਮਾਰ ਕੇ ਸਾਥੀ ਅਜੀਤ ਰਾਮ, ਬਬਲੇ ਅਤੇ ਮੁਖਤਿਆਰ ਸਿੰਘ ਨੂੰ ਸ਼ਹੀਦ ਕਰ ਦਿੱਤਾ ਗਿਆ। ਅੱਜ ਉਹਨਾਂ ਦੇ ਸ਼ਹੀਦੀ ਦਿਨ 'ਤੇ ਦੇਸ਼ ਪ੍ਰੇਮ ਅਤੇ ਕਮਿਊਨਿਸਟ ਸੋਚ ਦੇ ਧਾਰਨੀ ਲੋਕਾਂ ਵੱਲੋਂ ਉਹਨਾਂ ਨੂੰ ਪ੍ਰਣਾਮ ਕੀਤਾ ਜਾਵੇਗਾ।

—ਅਸ਼ੋਕ ਫਤਿਹਾਬਾਦ

ਡਾਕਟਰ ਦਿਵਸ 'ਤੇ ਮੈਡੀਕਲ ਕੈਂਪ ਲਾਇਆ

ਰੋਪੜ (ਬਿੰਦਰਾ) ਡਾਕਟਰ ਦਿਵਸ 'ਤੇ ਇਨਰਵ੍ਹੀਲ ਕਲੱਬ ਵੱਲੋਂ ਮੈਡੀਕਲ ਕੈਂਪ ਲਗਾਇਆ ਗਿਆ। ਬਜ਼ੁਰਗਾਂ ਲਈ ਬਣਾਏ ਗਏ ਅਪਣਾ ਘਰ ਹਵੇਲੀ ਕਲਾਂ 'ਚ ਲਗਾਏ ਗਏ ਕੈਂਪ ਦਾ ਉਦਘਾਟਨ ਸਮਾਜਸੇਵੀ ਤੇ ਉਘੇ ਸਰਜਨ ਡਾ. ਆਰ ਐਸ ਪਰਮਾਰ ਨੇ ਕੀਤਾ। ਇਸ ਮੌਕੇ ਬੋਲਦਿਆਂ ਉਨ੍ਹਾਂ ਡਾਕਟਰੀ ਪੇਸ਼ੇ, ਡਾਕਟਰਾਂ ਦੇ ਜੀਵਨ, ਉਨ੍ਹਾਂ ਦੀ ਡਿਊਟੀ ਬਾਰੇ ਦੱਸਦਿਆਂ ਕਿਹਾ ਕਿ ਡਾਕਟਰ ਹਮੇਸ਼ਾ ਮਰੀਜ ਦੀ ਪੂਰੀ ਸਮਰੱਥਾ ਅਨੁਸਾਰ ਇਲਾਜ ਕਰਦਾ ਹੈ। ਜਦ ਕੋਈ ਨਾਜ਼ਕ ਮਰੀਜ ਡਾਕਟਰ ਪਾਸ ਪੁਜਦਾ ਹੈ ਤਾਂ ਡਾਕਟਰ ਉਸ ਨੂੰ ਬਚਾਉਣ ਦੀ ਕੋਸ਼ਿਸ਼ ਕਰਦਾ ਹੈ। ਪਰ ਕੋਈ ਕਾਹਲੇ ਲੋਕ ਖੱਪ ਪਾਉਣ ਜਾਂਦੇ ਹਨ, ਜਿਸ ਦਾ ਨੁਕਸਾਨ ਰੋਗੀ ਨੂੰ ਹੀ ਹੁੰਦਾ ਹੈ। ਡਾਕਟਰ ਦਾ ਇੱਕੋ ਇੱਕ ਯਤਨ ਮਰੀਜ ਨੂੰ ਨਿਰੋਗ ਰੱਖਣਾ ਹੈ। ਉਨ੍ਹਾਂ ਅਪੀਲ ਕੀਤੀ ਕਿ ਲੋਕੀਂ ਡਾਕਟਰਾਂ ਪ੍ਰਤੀ ਉਸਾਰੂ ਬਣਾਉਣ। ਉਸਾਰੂ ਸੋਚ ਨਾਲ ਡਾਕਟਰੀ ਸੇਵਾਵਾਂ ਦਾ ਵਧੇਰੇ ਲਾਭ ਲਿਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਸਾਡੇ ਸਰੀਰ ਅੰਦਰ ਹੀ ਹਰ ਬਿਮਾਰੀ ਨਾਲ ਲੜਨ ਦੀ ਸ਼ਕਤੀ ਹੈ ਅਤੇ ਇਹ ਸਭ ਕੁਝ ਅਸੀਂ ਚੰਗੀ ਜੀਵਨ ਸ਼ੈਲੀ ਅਪਣਾ ਕੇ ਪ੍ਰਾਪਤ ਕਰ ਸਕਦੇ ਹਾਂ। ਇਨਰਵੀਲ ਕਲੱਬ ਰੋਪੜ ਦੀ 2023 ਲਈ ਨਿਯੁਕਤ ਪ੍ਰਧਾਨ ਮਨਦੀਪ ਕੌਰ ਨੇ ਡਾਕਟਰਾਂ ਦੀ ਟੀਮ ਦਾ ਸੁਆਗਤ ਕਰਦਿਆਂ ਕਿਹਾ ਕਿ ਡਾਕਟਰ ਨੂੰ ਰੱਬ ਦਾ ਰੂਪ ਸਮਝਦੇ ਹਨ। ਮੈਡੀਕਲ ਇੱਕ ਪਵਿੱਤਰ ਸੇਵਾ ਹੈ। ਇਨਰਵੀਲ ਕਲੱਬ ਦੇ ਸਾਬਕਾ ਗਵਰਨਰ ਸ੍ਰੀਮਤੀ ਬ੍ਰਿਜ ਪ੍ਰਮਾਰ ਨੇ ਕਲੱਬ ਵੱਲੋਂ ਕੀਤੇ ਜਾ ਰਹੇ ਸਮਾਜ ਭਲਾਈ ਕੰਮਾਂ ਦਾ ਜਿਕਰ ਕੀਤਾ। ਆਪਣਾ ਘਰ ਦੀ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਰਾਜਿੰਦਰ ਸੈਣੀ ਨੇ ਆਈ ਡਾਕਟਰਾਂ ਦੀ ਟੀਮ ਅਤੇ ਇੰਨਰਵੀਲ ਕਲੱਬ ਦੇ ਕੈਂਪ ਲਈ ਆਪਣਾ ਘਰ ਚੁੜਨ ਲਈ ਸਰਾਹਨਾ ਕੀਤੀ। ਡਾਕਟਰ ਰਾਜੇਸ਼ ਜੈਨ ਚਮੜੀ ਦੇ ਰੋਗਾਂ ਬਾਰੇ ਡਾ. ਹਰਸ਼ੀਨ ਕੌਰ ਨੇ ਦੰਦਾਂ ਦੀ ਸਾਂਭ ਬਾਰੇ ਦਸਿਆ। ਕੈਂਪ ਦੌਰਾਨ ਜਨਰਲ ਬਿਮਾਰੀਆਂ, ਦੰਦਾਂ ਤੇ ਚਮੜੀ ਦੇ ਰੋਗ ਬਾਰੇ ਚੈਕਿੰਗ ਕੀਤੀ ਗਈ। ਕਲੱਬ ਦੇ ਸਕੱਤਰ ਕੁਲਵਿੰਦਰ ਕੌਰ ਨੇ ਆਏ ਡਾਕਟਰਾਂ, ਆਏ ਮਹਿਮਾਨਾਂ ਦਾ ਆਪਣਾ ਘਰ ਦੇ ਪ੍ਰਬੰਧਕਾਂ ਦਾ ਧੰਨਵਾਦ ਕੀਤਾ।

ਸ਼ਹੀਦ ਭਗਤ ਸਿੰਘ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਸੁਹਿਰਦ ਤੇ ਅਣਥੱਕ ਯਤਨ ਕੀਤੇ ਜਾਣਗੇ : ਅਨੁਰਾਗ ਵਰਮਾ

ਖਟਕੜ ਕਲਾਂ (ਅਵਤਾਰ ਕਲੇਰ) ਪੰਜਾਬ ਦੇ ਮੁੱਖ ਸਕੱਤਰ ਅਨੁਰਾਗ ਵਰਮਾ ਨੇ ਐਤਵਾਰ ਨੂੰ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਦੂਰਅੰਦੇਸ਼ ਅਗਵਾਈ ਹੇਠ ਸ਼ਹੀਦ-ਏ-ਆਜਮ ਭਗਤ ਸਿੰਘ ਦੇ ਸੁਪਨਿਆਂ ਨੂੰ ਅਮਲੀ ਜਾਮਾ ਪਹਿਨਾਉਣ ਲਈ ਹਰ ਸੰਭਵ ਯਤਨ ਕੀਤੇ ਜਾਣਗੇ। ਮਹਾਨ ਸ਼ਹੀਦ ਨੂੰ ਉਨ੍ਹਾਂ ਦੇ ਜੱਦੀ ਪਿੰਡ ਖਟਕੜ ਕਲ੍ਹਾਂ ਵਿਖੇ ਸ਼ਰਧਾ ਦੇ ਫੁੱਲ ਭੇਟ ਕਰਨ ਪਹੁੰਚੇ ਮੁੱਖ ਸਕੱਤਰ ਨੇ ਕਿਹਾ ਕਿ ਉਨ੍ਹਾਂ ਦਾ ਹਰ ਕਾਰਜ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਆਦਰਸ਼ਾਂ ਤੋਂ ਸੇਧ ਲੈ ਕੇ ਹੀ ਸ਼ੁਰੂ ਹੋਵੇਗਾ। ਉਨ੍ਹਾਂ ਕਿਹਾ ਕਿ ਧੰਨ ਹੈ ਇਹ ਧਰਤੀ ਜਿਸ ਨੇ ਸ਼ਹੀਦ-ਏ-ਆਜਮ ਭਗਤ ਸਿੰਘ ਵਰਗੇ ਮਹਾਨ ਯੋਧੇ ਨੂੰ ਜਨਮ ਦਿੱਤਾ। ਸ੍ਰੀ ਵਰਮਾ ਨੇ ਕਿਹਾ ਕਿ ਉਹ ਖੁਸ਼ਕਿਸਮਤ ਹਨ ਕਿ ਉਨ੍ਹਾਂ ਨੂੰ ਇਸ ਪਵਿੱਤਰ ਧਰਤੀ 'ਤੇ ਜਾ ਕੇ ਸ਼ਰਧਾਂਜਲੀ ਭੇਟ ਕਰਨ ਦਾ ਮੌਕਾ ਪ੍ਰਾਪਤ ਹੋਇਆ ਹੈ, ਜਿਨ੍ਹਾਂ ਆਪਣੀ ਜਾਨ ਦੀ ਬਾਜੀ ਲਾ ਕੇ ਕੌਮੀ ਆਜਾਦੀ ਸੰਘਰਸ਼ ਵਿੱਚ ਮਹਾਨ ਗਾਥਾ ਲਿਖੀ। ਸ੍ਰੀ ਵਰਮਾ ਨੇ ਕਿਹਾ ਕਿ ਉਹ ਸੂਬਾ ਸਰਕਾਰ ਦੀਆਂ ਲੋਕ ਪੱਖੀ ਅਤੇ ਵਿਕਾਸ ਪੱਖੀ ਨੀਤੀਆਂ ਨੂੰ ਸੁਚੱਜੇ ਢੰਗ ਨਾਲ ਲਾਗੂ ਕਰਕੇ ਭਗਤ ਸਿੰਘ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਕੋਈ ਕਸਰ ਬਾਕੀ ਨਹੀਂ ਛੱਡਣਗੇ। ਮੁੱਖ ਸਕੱਤਰ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਭਾਵੇਂ ਸੂਬੇ ਨੂੰ ਦਰਪੇਸ਼ ਅਨੇਕਾਂ ਚੁਣੌਤੀਆਂ ਹਨ ਪਰ ਮੁੱਖ ਮੰਤਰੀ ਦੀ ਅਗਵਾਈ ਵਾਲੀ ਸੂਬਾ ਸਰਕਾਰ, ਪੰਜਾਬ ਨੂੰ ਦੇਸ਼ ਦਾ ਮੋਹਰੀ ਸੂਬਾ ਬਣਾਉਣ ਲਈ ਇਨ੍ਹਾਂ ਸਾਰਿਆਂ ਚੁਣੌਤੀਆਂ ਨਾਲ ਨਜਿੱਠਣ ਲਈ ਪੂਰੀ ਸੁਹਿਰਦਤਾ ਨੇ ਦ੍ਰਿੜਤਾ ਨਾਲ ਕੰਮ ਕਰਦੀ ਰਹੇਗੀ। ਉਨ੍ਹਾਂ ਜੋਰ ਦੇ ਕੇ ਕਿਹਾ ਕਿ ਪੰਜਾਬ ਵਿੱਚ ਲੋਕਪੱਖੀ ਨਿਜ਼ਾਮ ਹੈ ਜੋ ਲੋਕਾਂ ਨੂੰ ਸਾਫ-ਸੁਥਰਾ, ਪਾਰਦਰਸ਼ੀ ਅਤੇ ਜਵਾਬਦੇਹ ਪ੍ਰਸ਼ਾਸਨ ਮੁਹੱਈਆ ਕਰਵਾ ਰਹੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਇਸ ਯਾਦਗਾਰ ਨੂੰ ਨਵਾਂ ਰੂਪ ਦੇਣ ਲਈ ਵਿਸਥਾਰਤ ਯੋਜਨਾ ਵੀ ਉਲੀਕੀ ਜਾਵੇਗੀ। ਇਸ ਤੋਂ ਪਹਿਲਾਂ ਮੁੱਖ ਸਕੱਤਰ ਨੇ ਭਗਤ ਸਿੰਘ ਅਤੇ ਉਨ੍ਹਾਂ ਦੇ ਪਿਤਾ ਸਵਰਗੀ ਕਿਸ਼ਨ ਸਿੰਘ ਦੀ ਸਮਾਧ 'ਤੇ ਜਾ ਕੇ ਸ਼ਰਧਾਂਜਲੀ ਵੀ ਭੇਟ ਕੀਤੀ।

27ਵੀਂ ਅਮਰਨਾਥ ਯਾਤਰਾ ਰਵਾਨਾ

ਲੋਹੀਆਂ ਖਾਸ, (ਰੀਨਾ ਸ਼ਰਮਾ, ਯੋਗੇਸਵਰ) 27ਵੀਂ ਸ੍ਰੀ ਅਮਰਨਾਥ ਯਾਤਰਾ ਬ੍ਰਹਮਲੀਨ ਮਹੰਤ ਸ਼ਾਂਤੀ ਗਿਰੀ ਮਹਾਰਾਜ, ਬ੍ਰਹਮਲੀਨ ਮਹੰਤ ਰਵਿੰਦਰਾ ਗਿਰੀ ਮਹਾਰਾਜ ਦੀ ਕ੍ਰਿਪਾ ਤੇ ਮਹੰਤ ਸ਼ਿਪਰਾ ਗਿਰੀ ਦੇ ਆਸ਼ੀਰਵਾਦ ਤੇ ਅਗਵਾਈ ਨਾਲ ਪ੍ਰਾਚੀਨ ਸ਼ਿਵ ਮੰਦਰ ਲੋਹੀਆਂ ਖਾਸ ਤੋਂ ਮਹੰਤ ਲਛਮਣ ਸਰਸਵਤੀ ਅਤੇ ਪੰਡਤ ਵਿਸ਼ਨੂੰ ਸ਼ਾਸ਼ਤਰੀ ਦੁਬਾਰਾ ਪੂਜਾ ਤੋਂ ਬਾਅਦ ਜੈਕਾਰੇ ਲਾਉਂਦੇ ਹੋਏ ਸ਼ੋਭਾ ਯਾਤਰਾ ਦੇ ਰੂਪ ਵਿੱਚ ਰਵਾਨਾ ਹੋਈ। ਮਹਾਦੇਵ ਸੇਵਾ ਦਲ ਲੋਹੀਆਂ ਖਾਸ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ 27ਵੀਂ ਸ੍ਰੀ ਅਮਰਨਾਥ ਯਾਤਰਾ ਦਾ ਪ੍ਰਬੰਧ ਕੀਤਾ ਗਿਆ। ਇਸ ਮੌਕੇ ਪ੍ਰਧਾਨ ਵਿਸ਼ਾਲ ਸੱਦੀ ਸਾਲੂ, ਵਿਨੋਦ ਕੁਮਾਰ ਬੱਬੂ, ਦਰਸ਼ਨ ਅਰੋੜਾ ਆਰਜੂ, ਰੁਪੇਸ਼ ਕੁਮਾਰ ਸੱਦੀ, ਪਰਦੀਪ ਖੇੜਾ, ਸੰਜੀਵ ਕੰਡਾ ਰਵੀ ਦੱਤ ਸ਼ਰਮਾ, ਮੁਨੀਤ ਗਾਂਧੀ, ਲਖਣ ਵਰਮਾ, ਮੁਕੇਸ਼ ਸੱਦੀ, ਮਹੰਤ ਕਮਲੇਸ਼, ਮਨੂ ਕੁਮਾਰ, ਵਿਕਾਸ ਖੇੜਾ, ਅੰਕੁਸ਼ ਕੰਡਾ ਰਾਹੁਲ ਸ਼ਰਮਾ, ਸਨੀ ਗੁਪਤਾ, ਮੁਨੀਸ਼ ਗੁਪਤਾ, ਵਿੱਕੀ, ਚੇਤਨ ਬਾਂਸਲ, ਸੋਨੂੰ ਸ਼ਰਮਾ, ਮੁਨੀਸ਼ ਸ਼ਰਮਾ, ਗੌਰਵ ਸੱਦੀ ਗੌਰਵ ਗੁਪਤਾ, ਸਾਜਨ ਸੱਦੀ, ਹਨੀ ਸ਼ਰਮਾ, ਨੋਧੀ ਸ਼ਰਮਾ, ਕਮਲ ਸ਼ਰਮਾ ਹਾਜ਼ਰ ਸਨ।

ਜਨ ਮਾ